ਦਸੰਬਰ 2020, ਅੰਕ 2

# Magazine on Low External Input Sustainable Agriculture

LEISA INDIA
ਖਾਸ ਪੰਜਾਬੀ ਸੰਸਕਰਣ



ਲੀਜ਼ਾ ਇੰਡੀਆ ਦਾ ਚੋਦਵਾਂ ਪੰਜਾਬੀ ਅੰਕ ਲੀਜ਼ਾ ਇੰਡੀਆ ਦੇ ਸਹਿਯੋਗ ਨਾਲ ਖੇਤੀ ਵਿਰਾਸਤ ਮਿਸ਼ਨ ਵੱਲੋਂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਅੰਕ ਵਿੱਚ ਲੀਜ਼ਾ ਇੰਡੀਆ ਵਿੱਚ ਪ੍ਰਕਾਸ਼ਿਤ ਅੰਗਰੇਜ਼ੀ ਦੇ ਕੁੱਝ ਮੂਲ ਲੇਖਾਂ ਦਾ ਪੰਜਾਬੀ ਅਨੁਵਾਦ ਪਾਠਕਾਂ ਦੀ ਨਜ਼ਰ ਕੀਤਾ ਗਿਆ ਹੈ।

AME Foundation
No. 204, 100 Feet Ring Road, 3rd Phase,
Banashankari 2nd block, 3rd stage,
Bangalore- 560085 , India
Tel: +91-080-22699512, +91-080-22699522
Fax: +91-080-22699410
E-Mail: leisaindia@yahoo.co.in

*ਖੇਤੀ ਵਿਰਾਸਤ ਮਿਸ਼ਨ*
*ਗਲੀ ਨੰ. 4, ਆਰ. ਵੀ. ਸ਼ਾਂਤੀ ਨਗਰ,ਬਾਜਾਖਾਨਾ ਰੋਡ,*
*ਜੈਤੋ-151202 ਸੰਪਰਕ: 01635-231415, 503415*
*ਵੈੱਬਸਾਈਟ:* khetivirasatmission.org
*ਈਮੇਲ:* khetivirasatmission@gmail.com

*ਲੀਜ਼ਾ ਇੰਡੀਆ ਏ. ਐੱਮ. ਈ. ਫਾਂਊਂਡੇਸ਼ਨ ਦੁਆਰਾ ਆਈ. ਐੱਲ. ਈ. ਆਈ. ਏ. ਦੇ ਸਹਿਯੋਗ ਨਾਲ ਅੰਗਰੇਜ਼ੀ ਭਾਸ਼ਾ ਵਿੱਚ ਪ੍ਰਕਾਸ਼ਿਤ ਕੀਤੀ ਜਾਂਦੀ ਤ੍ਰੈਮਾਸਿਕ ਪੱਤ੍ਰਿਕਾ ਹੈ।*
*ਮੁੱਖ ਸੰਪਾਦਕ: ਕੇ. ਵੀ. ਐੱਸ. ਪ੍ਰਸ਼ਾਦ, ਏ. ਐਮ. ਈ. ਫਾਂਊਂਡੇਸ਼ਨ*
*ਪ੍ਰਬੰਧਕ ਸੰਪਾਦਕ: ਟੀ.ਐੱਮ. ਰਾਧਾ, ਏ. ਐੱਮ. ਈ. ਫਾਂਊਂਡੇਸ਼ਨ*
*ਅਨੁਵਾਦ ਕੋਆਰਡੀਨੇਅਰ:* ਵੀਨਾ ਮਾਰਕੰਡੇ, ਏ. ਐੱਮ. ਈ. ਫਾਂਊਂਡੇਸ਼ਨ
*ਸੰਪਾਦਕ ਮੰਡਲ ਅਤੇ ਪੰਜਾਬੀ ਸੰਸਕਰਨ:* ਉਮੇਂਦਰ ਦੱਤ,
ਅਮਨਜੋਤ ਕੌਰ, ਰੂਪਸੀ ਗਰਗ
ਪ੍ਰਬੰਧਨ: ਜੀ.ਜੀ.ਰੁਕਮਨੀ, ਏ.ਐੱਮ.ਈ.ਫਾਂਊਂਡੇਸ਼ਨ
ਲੇਆਊਟ ਅਤੇ ਟਾਈਪ ਸੈਟਿੰਗ: ਜਗਜੀਤ ਸਿੰਘ ਬਰਾੜ
ਛਪਾਈ: ਬੀ.ਐੱਲ. ਜਿੰਦਲ ਆਰਟ, ਨੇੜੇ ਐਸ.ਬੀ.ਆਈ. ਬੈਂਕ, ਜੈਤੋ
ਆਵਰਣ ਫੋਟੋ: ਖੇਤੀ ਵਿਰਾਸਤ ਮਿਸ਼ਨ
ਲੀਜ਼ਾ ਪੱਤ੍ਰਿਕਾ ਦੇ ਹੋਰ ਪ੍ਰਕਸ਼ਨ: ਫਾਰਮਿੰਗ ਮੈਟਰਜ਼ (ਅੰਗਰੇਜ਼ੀ)
ਲੀਸਾ ਰੀਵਿਸਟਾ ਡੇ ਐਗਰੋਈਕੋਲੋਜ਼ੀਆ (ਲਾਤੀਨੀ ਸੰਸਕਰਨ)
ਲੀਸਾ ਇੰਡੀਆ (ਅੰਗਰੇਜ਼ੀ, ਕੰਨੜਾ, ਤਾਮਿਲ, ਉੜੀਆ, ਮਰਾਠੀ, ਹਿੰਦੀ ਅਤੇ ਤੇਲਗੂ ਸੰਸਕਰਨ)
ਐਗਰੀਡੇਪ (ਪੱਛਮੀ ਅਫਰੀਕਾ, ਫਰੈਂਚ ਸੰਸਕਰਨ)
ਐਗਰੀਕਲਚਰਜ਼ ਐਕਸਪੀਰੀਐਂਸਿਆਸ ਏਮ ਐਗਰੋਈਕੋਲੋਜ਼ੀਆ ਬ੍ਰਾਜ਼ੀਲ ਬੋਆਬਾਬ(ਈਸਟ ਅਫਰੀਕਾ ਅੰਗਰੇਜ਼ੀ ਸੰਸਕਰਨ)
ਸੰਪਾਦਕ ਵੱਲੋਂ ਲੇਖਾਂ ਵਿੱਚ ਪ੍ਰਕਾਸ਼ਿਤ ਜਾਣਕਾਰੀ ਬਾਰੇ ਪੂਰੀ ਸਾਵਧਾਨੀ ਵਰਤੀ ਗਈ ਹੈ। ਫਿਰ ਵੀ ਸਾਂਝੀ ਕੀਤੀ ਗਈ ਜਾਣਕਾਰੀ ਵਿੱਚ ਕਿਸੇ ਵੀ ਕਮੀ ਦੀ ਜ਼ਿੰਮੇਵਾਰ ਸਬੰਧਤ ਲੇਖਕ ਦੀ ਹੋਵੇਗੀ।
ਮਾਇਜ਼ੇਰੀਅਰ ਦੇ ਸਹਿਯੋਗ ਅਤੇ ਖੇਤੀ ਵਿਰਾਸਤ ਮਿਸ਼ਨ ਉੱਦਮ ਸਦਕਾ ਏ.ਐੱਮ.ਈ. ਦੁਆਰਾ ਪ੍ਰਕਾਸ਼ਿਤ

## ਪਿਆਰੇ ਪਾਠਕੋ

ਏ.ਐੱਮ.ਈ. ਫਾਂਊਂਡੇਸ਼ਨ ਦੁਆਰਾ ਭਾਰਤ ਵਿੱਚ ਪ੍ਰਕਾਸ਼ਿਤ ਕੌਮਾਂਤਰੀ ਖੇਤੀ ਪੱਤ੍ਰਿਕਾ ਲੀਜ਼ਾ ਇੰਡੀਆਂ ਦੇ ਖੇਤੀ ਵਿਰਾਸਤ ਮਿਸ਼ਨ ਵੱਲੋਂ ਕੱਢੇ ਗਏ ਪੰਜਾਬੀ ਸੰਸਕਰਨ ਦਾ ਚੋਦਵਾਂ ਅੰਕ ਆਪਜੀ ਦੀ ਨਜ਼ਰ ਕਰਦਿਆਂ ਸਾਨੂੰ ਬੇਹੱਦ ਖੁਸ਼ੀ ਹੋ ਰਹੀ ਹੈ। ਪੱਤ੍ਰਿਕਾ ਨੂੰ ਆਪਜੀ ਤੋਂ ਮਿਲ ਰਹੇ ਭਰਪੂਰ ਹੁੰਗਾਰੇ ਅਤੇ ਪਿਆਰ ਸਦਕਾ ਲੀਜ਼ਾ ਪੰਜਾਬੀ ਰਾਹੀਂ ਆਪਜੀ ਨਾਲ ਉੱਚ ਮਿਆਰੀ ਅਤੇ ਅਰਥਪੂਰਨ ਜਾਣਕਾਰੀ ਸਾਂਝੀ ਕਰਨ ਦੀ ਸਾਡੀ ਪ੍ਰਤੀਬੱਧਤਾ ਹੋਰ ਮਜ਼ਬੂਤ ਹੋਈ ਹੈ।

ਸਾਡੀ ਹਮੇਸ਼ਾ ਇਹ ਹੀ ਕੋਸ਼ਿਸ਼ ਰਹੇਗੀ ਕਿ 'ਲੀਜ਼ਾ ਇੰਡੀਆ' ਦੁਆਰਾ ਖੇਤੀ - ਕਿਸਾਨੀ ਦੀ ਬਿਹਤਰੀ ਅਤੇ ਖੇਤੀ ਨੂੰ ਟਿਕਾਊ ਆਜੀਵਿਕਾ ਦਾ ਸਨਮਾਨਜਨਕ ਸਾਧਨ ਬਣਾਉਣ ਲਈ ਚੇਤਨ ਕਿਸਾਨਾਂ ਅਤੇ ਕਿਸਾਨ ਹਿਤੈਸ਼ੀ ਸੰਸਥਾਵਾਂ ਦੁਆਰਾ ਕੀਤੇ ਜਾ ਰਹੇ ਕਾਮਯਾਬ ਤਜ਼ਰਬਿਆਂ ਅਤੇ ਵਿਕਸਤ ਕੀਤੀਆਂ ਜਾ ਰਹੀਆਂ ਕਿਸਾਨ ਅਤੇ ਕੁਦਰਤ ਪੱਖੀ ਖੇਤੀ ਤਕਨੀਕਾਂ ਨੂੰ ਆਪਜੀ ਨਾਲ ਨਿਰੰਤਰ ਸਾਂਝਾ ਕੀਤਾ ਜਾਵੇ।

ਇਹ ਵੀ ਧਿਆਨ ਰੱਖਿਆ ਜਾਵੇਗਾ ਕਿ ਗਿਆਨ, ਜਾਣਕਾਰੀ ਅਤੇ ਤਕਨੀਕਾਂ ਦਾ ਇਹ ਲਿਪੀਬੱਧ ਆਦਾਨ-ਪ੍ਰਦਾਨ ਹਰ ਪੱਖੋਂ ਸਟੀਕ ਅਤੇ ਭਰੋਸੇਮੰਦ ਹੋਵੇ। ਪੱਤ੍ਰਿਕਾ ਦੇ ਇਸ ਅੰਕ ਵਿੱਚ 'ਲੀਜ਼ਾ ਇੰਡੀਆ' ਦੇ ਮੂਲ ਅੰਗਰੇਜ਼ੀ ਸੰਸਕਰਨ ਦੌਰਾਨ ਪ੍ਰਕਾਸ਼ਿਤ ਕੁੱਝ ਚੋਣਵੇਂ ਪ੍ਰੇਰਣਾਦਾਈ ਲੇਖਾਂ ਦਾ ਪੰਜਾਬੀ ਉਲੱਥਾ ਤੁਹਾਡੀ ਨਜ਼ਰ ਕਰਨ ਜਾ ਰਹੇ ਹਾਂ। ਆਸ ਕਰਦੇ ਹਾਂ ਲੀਜ਼ਾ ਇੰਡੀਆ ਦਾ ਹਥਲਾ ਪੰਜਾਬੀ ਸੰਸਕਰਨ ਪਾਠਕਾਂ ਦੀਆਂ ਆਸਾਂ 'ਤੇ ਖਰ੍ਹਾ ਉੱਤਰੇਗਾ।

ਲੀਜ਼ਾ ਇੰਡੀਆ ਟੀਮ
ਦਸੰਬਰ-2020

*ਲੀਜ਼ਾ* ਘੱਟ ਬਾਹਰੀ ਆਗਤਾਂ ਅਤੇ ਟਿਕਾਊ ਖੇਤੀ ਦੀ ਸਿਰਮੌਰ ਪੱਤ੍ਰਿਕਾ ਹੈ। ਇਹ ਕੁਦਰਤ ਨਾਲ ਇੱਕਮਿੱਕਤਾ ਰਾਹੀਂ ਫਸਲਾਂ ਦਾ ਉਤਪਾਦਨ ਅਤੇ ਆਪਣੀ ਆਮਦਨ ਵਧਾਉਣ ਲਈ ਕਾਰਜਸ਼ੀਲ ਕਿਸਾਨਾਂ ਨੂੰ ਤਕਨੀਕੀ ਅਤੇ ਸਮੁਦਾਇਕ ਪਹਿਲਕਦਮੀਆਂ ਤੋਂ ਜਾਣੂ ਕਰਵਾਵਉਂਦੀ ਹੈ। ਲੀਜ਼ਾ ਕੁਦਰਤੀ ਸੋਮਿਆਂ ਅਤੇ ਕੁਦਰਤੀ ਪ੍ਰਕਿਰਿਆਵਾਂ ਦੇ ਸਰਵਉੱਤਮ ਇਸਤੇਮਾਲ ਬਾਰੇ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ। ਇਹ ਉਹਨਾਂ ਇਸਤ੍ਰੀ, ਪੁਰਸ਼ ਕਿਸਾਨਾਂ ਅਤੇ ਸਮੁਦਾਇਆਂ ਦੇ ਸ਼ਸ਼ਕਤੀਕਰਨ ਲਈ ਕਾਰਜਸ਼ੀਲ ਹੈ ਜਿਹੜੇ ਕਿ ਆਪਣੇ ਗਿਆਨ, ਹੁਨਰ, ਆਪਣੀਆਂ ਕਦਰਾਂ-ਕੀਮਤਾਂ, ਸੱਭਿਆਚਾਰ ਅਤੇ ਅਦਾਰਿਆਂ ਦੇ ਆਧਾਰ 'ਤੇ ਆਪਣਾ ਭਵਿੱਖ ਬਣਾਉਣਾ ਚਾਹੁੰਦੇ ਹਨ। ਲੀਜ਼ਾ ਖੇਤੀ ਵਿੱਚ ਸੁਧਾਰ ਅਤੇ ਇਸਨੂੰ ਬਦਲਦੀਆਂ ਹਾਲਤਾਂ ਅਤੇ ਜ਼ਰੂਰਤਾਂ ਮੁਤਾਬਿਕ ਢਾਲਣ ਲਈ ਖੇਤੀ ਦੇ ਸਹਿਭਾਗੀ ਤਰੀਕੇ ਅਪਣਾ ਕੇ ਕਿਸਾਨਾਂ ਅਤੇ ਖੇਤੀ ਨਾਲ ਜੁੜੇ ਹੋਰਨਾ ਲੋਕਾਂ ਦੀ ਸਮਰਥਾ ਵਧਾਉਣ 'ਤੇ ਜ਼ੋਰ ਦਿੰਦੀ ਹੈ। ਲੀਜ਼ਾ ਰਵਾਇਤੀ ਗਿਆਨ ਅਤੇ ਵਿਗਿਆਨ ਨੂੰ ਆਪਸ ਵਿੱਚ ਜੋੜ ਕੇ ਨੀਤੀ ਨਿਰਮਾਣ ਕਾਰਜ ਨੂੰ ਪ੍ਰਭਾਵਿਤ ਕਰਦੇ ਹੋਏ ਅਗਲੇਰੇ ਵਿਕਾਸ ਲਈ ਅਨੁਕੂਲ ਵਾਤਾਵਰਣ ਤਿਆਰ ਕਰਨ ਦੀ ਇੱਛਾ ਰੱਖਦੀ ਹੈ। ਲੀਜ਼ਾ ਇੱਕ ਵਿਚਾਰ ਹੈ, ਇੱਕ ਪਹੁੰਚ ਹੈ ਇੱਕ ਰਾਜਨੀਤਕ ਸੁਨੇਹਾਂ ਹੈ।

ਏ.ਐੱਮ.ਈ. ਫਾਂਊਂਡੇਸ਼ਨ ਰਵਾਇਤੀ ਗਿਆਨ ਅਤੇ ਨਿਵੇਕਲੀਆਂ ਤਕਨੀਕਾਂ ਦੇ ਮਾਧਿਅਮ ਨਾਲ ਘੱਟ ਬਾਹਰੀ ਆਗਤ ਪ੍ਰਬੰਧਨ ਰਾਹੀਂ ਟਿਕਾਊ ਰੋਜ਼ਗਾਰ ਪੈਦਾ ਕਰਨ ਨੂੰ ਉਤਸ਼ਾਹਿਤ ਕਰਦੀ ਹੈ। ਇਸ ਉਦੇਸ਼ ਦੀ ਪੂਰਤੀ ਲਈ ਏ.ਐੱਮ.ਈ. ਫਾਂਊਂਡੇਸ਼ਨ ਦੱਖਣ ਦੇ ਅਰਧ ਖੁਸ਼ਕ ਖੇਤਰ ਵਿੱਚ ਛੋਟੇ ਅਤੇ ਸੀਮਾਂਤ ਕਿਸਾਨਾਂ ਨਾਲ ਮਿਲ ਕੇ ਖੇਤੀ ਦੇ ਬਦਲ ਤਿਆਰ ਕਰਨ, ਗਿਆਨ ਵਧਾਉਣ, ਸਿਖਲਾਈ, ਖੇਤੀ ਨੂੰ ਵਿਕਾਸ ਏਜ਼ੰਸੀਆਂ ਨਾਲ ਜੋੜਨ ਅਤੇ ਅਨੁਭਵ ਵੰਡਣ ਦਾ ਕੰਮ ਕਰ ਰਹੀ ਹੈ। ਏ. ਐੱਮ. ਈ. ਫਾਂਊਂਡੇਸ਼ਨ ਪਿੰਡਾਂ ਦੇ ਗੁੱਛਿਆਂ ਵਿੱਚ ਇੱਛਕ ਕਿਸਾਨ ਸਮੂਹਾਂ ਨਾਲ ਉਹਨਾਂ ਨੂੰ ਬਦਲਵੇਂ ਖੇਤੀ ਪੱਦਤੀ ਤਿਆਰ ਕਰਨ ਅਤੇ ਅਪਣਾਉਣ ਦੇ ਯੋਗ ਬਣਾਉਣ ਦਾ ਕਾਰਜ ਪੂਰੀ ਸ਼ਿੱਦਤ ਨਾਲ ਕਰ ਰਹੀ ਹੈ। ਇਹ ਸਥਾਨ ਸਬੰਧਤ ਕਿਸਾਨਾਂ ਅਤੇ ਉਹਨਾਂ ਨੂੰ ਉਤਸ਼ਾਹਿਤ ਕਰਨ ਵਾਲੇ ਅਦਾਰਿਆਂ ਲਈ ਉਹਨਾਂ ਦੀ ਦੇਖਣ-ਸਮਝਣ ਦੀ ਸਮਰਥਾ ਵਿੱਚ ਵਾਧਾ ਕਰਨ ਲਈ ਸਿੱਖਣ ਲਾਇਕ ਹਾਲਤਾਂ ਦੇ ਮੁਹੱਈਆ ਕਰਦੇ ਹਨ। ਇਸ ਵਿੱਚ ਗ਼ੈਰ ਸਰਕਾਰੀ ਸੰਗਠਨ ਅਤੇ ਗ਼ੈਰ ਸਰਕਾਰੀ ਸੰਗਠਨਾਂ ਦੇ ਨੈੱਟਵਰਕ ਵੀ ਸ਼ਾਮਿਲ ਹੈ। www.amefound.org

ਖੇਤੀ ਵਿਰਾਸਤ ਮਿਸ਼ਨ ਸਵੈਨਿਰਭਰ, ਸਵੈਮਾਣੀ, ਸਵਦੇਸ਼ੀ ਖੇਤੀ ਅਤੇ ਸਰਬਤ ਦੇ ਭਲੇ ਨੂੰ ਸਮਰਪਿਤ ਲੋਕ ਲਹਿਰ ਹੈ। ਆਪਣੇ ਜਨਮ ਵਰ੍ਹੇ ਮਾਰਚ, 2005 ਤੋਂ ਹੀਇਹ ਪੰਜਾਬ ਨੂੰ ਦੇਰਪੇਸ਼ ਖੇਤੀ ਸਿਹਤਾਂ ਅਤੇ ਵਾਤਾਵਰਣ ਦੇ ਅਤਿ ਗੰਭੀਰ ਸੰਕਟ ਖਿਲਾਫ਼ ਆਮ ਲੋਕਾਂ ਨੂੰ ਚੇਤਨ ਕਰਦੇ ਹੋਏ ਇਸ ਸੰਕਟ ਦੇ ਮੂਲ ਕਾਰਣ ਜ਼ਹਿਰੀਲੀ ਰਸਾਇਣਿਕ ਖੇਤੀ ਦੇ ਬਦਲ ਵਜੋਂ ਜ਼ਹਿਰ ਮੁਕਤ ਕੁਦਰਤੀ ਖੇਤੀ ਦੀ ਸਥਾਪਨਾ ਲਈ ਯਤਨਸ਼ੀਲ ਹੈ। ਵਰਤਮਾਨ ਸਮੇਂ ਸੂਬੇ ਭਰ ਵਿੱਚ ਸੈਂਕੜੇ ਕਿਸਾਨ ਖੇਤੀ ਵਿਰਾਸਤ ਮਿਸ਼ਨ ਦੀ ਰਹਿਨੁਮਾਈ ਵਿੱਚ ਪੂਰੀ ਸਫਲਤਾ ਨਾਲ ਜ਼ਹਿਰ ਮੁਕਤ ਕੁਦਰਤੀ ਖੇਤੀ ਦੀ ਸੁਨਹਿਰੀ ਇਬਾਰਤ ਲਿਖ ਰਹੇ ਹਨ। (www.khetivirasatmission.org)

ਮਾਇਜ਼ੇਰੀਅਰ ਦੀ ਸਥਾਪਨਾਂ 1958 ਵਿੱਚ ਹੋਈ। ਇਹ ਜ਼ਰਮਨ ਕੈਥੋਲਿਕ ਬਿਸ਼ਪ ਦੀ ਵਿਕਾਸਤਮਕ ਸਹਿਯੋਗ ਨਾਮਕ ਸੰਸਥਾ ਹੈ। ਬੀਤੇ 50 ਤੋਂ ਵੀ ਜਿਆਦਾ ਸਾਲਾਂ ਤੋਂ ਮਾਇਜ਼ੇਰੀਅਰ ਅਫਰੀਕਾ, ਏਸ਼ੀਆ ਅਤੇ ਲੈਟਿਨ ਅਮਰੀਕਾ ਵਿੱਚ ਗਰੀਬੀ ਖਿਲਾਫ਼ ਲੜਨ ਲਈ ਵਚਨਬੱਧ ਹੈ। ਜਾਤੀ, ਧਰਮ ਅਤੇ ਲਿੰਗ ਭੇਦ ਤੋਂ ਉਪਰਾਮ ਮਾਇਜ਼ੇਰੀਅਰ ਕਿਸੇ ਵੀ ਮਨੁੱਖੀ ਜ਼ਰੂਰਤ ਦੀ ਪੂਰਤੀ ਹਿੱਤ ਸਹਿਯੋਗ ਲਈ ਤਤਪਰ ਹੈ। ਮਾਇਜ਼ੇਰੀਅਰ ਗਰੀਬਾਂ ਅਤੇ ਜ਼ਰੂਰਤਮੰਦਾ ਦੁਆਰਾ ਸ਼ੁਰੂ ਕੀਤੇ ਅਤੇ ਅਪਣਾਏ ਗਏ ਕਾਰਜਾਂ ਨੂੰ ਸਹਿਯੋਗ ਕਰਨ ਵਿੱਚ ਵਿਸ਼ਵਾਸ ਰਖਦਾ ਹੈ। ਇਹ ਆਪਣੇ ਸਥਾਨਕ ਭਾਗੀਦਾਰਾਂ ਨਾਲ ਮਿਲ ਕੇ ਕੰਮ ਕਰਨ ਨੂੰ ਪਹਿਲ ਦਿੰਦਾ ਹੈ। ਇਹ ਲਾਭਪਾਤਰੀਆਂ ਅਤੇ ਸਹਿਯੋਗੀ ਸੰਗਠਨਾਂ ਨੂੰ ਨਾਲ ਲੈ ਕੇ ਵਿਕਾਸ ਦੇ ਸਥਾਨਕ ਕਾਰਜਾਂ ਦੀ ਰੂਪਰੇਖਾ ਤੈਅ ਕਰਦਾ ਹੈ ਅਤੇ ਸਬੰਧਤ ਪ੍ਰੋਜੈਕਟ ਲਾਗੂ ਕਰਨ ਵਿੱਚ ਸਹਿਯੋਗ ਕਰਦਾ ਹੈ। ਇਹ ਹੀ ਕਾਰਨ ਹੈ ਕਿ ਮਾਇਜ਼ੇਰੀਅਰ ਆਪਣੇ ਸਹਿਭਾਗੀਆਂ ਨਾਲ ਮਿਲ ਕੇ ਨਿਰੰਤਰ ਬਦਲਦੀਆਂ ਚੁਣੌਤੀਆਂ ਪ੍ਰਤਿ ਤਿਆਰ-ਬਰ-ਤਿਆਰ ਖੜ੍ਹਾ ਹੈ। (www.misereor.de;misereor.org)


# ਇਸ ਅੰਕ ਵਿੱਚ

## ਭਾਰਤ ਵਿੱਚ ਐਗਰੋਈਕੋਲੋਜੀ ਦੀ ਤਾਕਤ ਪਿੱਛੇ ਮਹਿਲਾ ਸਮੂਹ



ਅਸੀ ਜਾਣਦੇ ਸੀ ਕਿ ਸਾਨੂੰ ਆਪਣੇ ਦੇਸੀ ਬੀਜਾਂ ਦੀਆਂ ਕਿਸਮਾਂ ਨੂੰ ਬਚਾਉਣ ਅਤੇ ਆਪਣੀ ਪ੍ਰੰਪਰਿਕ ਖੇਤੀ ਜੋ ਕਿ ਕੁਦਰਤ ਨੂੰ ਕੋਈ ਨੁਕਸਾਨ ਨਹੀ ਪਹੁੰਚਾਉਣ ਸੰਬੰਧੀ ਗਿਆਨ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਲਈ ਇੱਕ ਸਥਾਨ ਦੀ ਜਰੂਰਤ ਹੈ। ਇਹ ਕਹਿਣਾ ਹੈ। ਕਰਨਾਟਕ ਵਿੱਚ ਬੰਗਲੋਰ ਨੇੜੇ ਸਥਿਤ ਅੰਮ੍ਰਿਤਾ ਭੂਮੀ ਨਾਮ ਦੇ ਕੁਦਰਤੀ ਖੇਤੀ ਟ੍ਰੇਨਿੰਗ ਸੈਂਟਰ, ਦੀ ਕੋਆਰਡੀਨੇਟਰ ਚੁਕੀ ਨਾਸੁਦਾ ਸਵਾਮੀ ਦਾ ਇਹ ਸੈਂਟਰ ਇਹ ਸਾਬਿਤ ਕਰਨ ਲਈ ਸਥਾਪਿਤ ਕੀਤਾ ਗਿਆ ਹੈ ਕਿ ਖੇਤੀ ਦਾ ਇੱਕ ਵਿਕਲਪਿਕ ਮਾਡਲ ਮੌਜੂਦ ਹੋ ਸਕਦਾ ਹੈ।

ਪੇਜ ਨੰ: 5



## ਰੁੱਖ ਲਗਾਉ, ਰੋਜ਼ੀ ਕਮਾਓ ਅਤੇ ਵਾਤਾਵਰਣ ਬਚਾਓ

Grow-Trees.com, ਇੱਕ ਸਮਾਜਿਕ ਉਦਮ ਹੈ ਜੋ ਕਿ ਵਿਵਸਾਹਿਕ ਪੱਧਰ 'ਤੇ ਵਿਅਕਤੀਆਂ ਅਤੇ ਕੰਪਨੀਆਂ ਨੂੰ ਉਚਿਤ ਕੀਮਤ ਤੇ ਰੁੱਖ ਲਗਾਉਣ ਦੀ ਸੇਵਾ ਪ੍ਰਦਾਨ ਕਰ ਰਿਹਾ ਹੈ। ਆਪਣੀਆਂ ਵੈੱਬ ਅਧਾਰਿਤ ਸੇਵਾਵਾਂ ਦੁਆਰਾ, ਇਹ ਸੰਗਠਨ ਹਰ ਵਿਅਕਤੀ ਨੂੰ ਵਾਤਾਵਰਣ ਦੀ ਰੱਖਿਆ ਦੇ ਕੰਮ ਵਿੱਚ ਆਪਣਾ ਯੋਗਦਾਨ ਦੇਣ ਦਾ ਮੌਕਾ ਦੇ ਰਿਹਾ ਹੈ।

ਪੇਜ ਨੰ: 9

## ਸਿਹਤਮੰਦ ਪੌਦੇ
### ਪੌਸ਼ਟਿਕਤਾ ਅਤੇ ਵਾਤਾਵਰਣੀ ਸਥਿਰਤਾ ਦਾ ਸਤੰਭ



ਝਾਰਖੰਡ ਦੇ ਕਿਸਾਨ ਕੁਸ਼ਲ ਉਤਪਾਦ ਵਿਵਸਥਾ ਦੇ ਨਾਲ-ਨਾਲ ਖੇਤ ਦੇ ਟਿਕਾਊਪਣ/ਸਥਿਰਤਾ ਪ੍ਰਤਿ ਜ਼ਿਆਦਾ ਜਾਗਰੂਕ ਅਤੇ ਜ਼ਿੰਮੇਦਾਰ ਹੋ ਰਹੇ ਹਨ। ICAR ਵਿਗਿਆਨਕ ਦੇ ਸਹਿਯੋਗ ਨਾਲ ਫੁਸਰੀ ਪਿੰਡ ਦੇ ਕਿਸਾਨ ਖਤਮ ਹੋ ਚੁੱਕੀਆਂ ਖਦਾਨਾਂ ਦੀਆਂ ਜ਼ਮੀਨਾਂ ਨੂੰ ਉਤਪਾਦਨ ਖੇਤਾਂ ਵਿੱਚ ਬਦਲ ਕੇ ਕਈ ਲਾਭ ਲੈ ਰਹੇ ਹਨ।

ਪੇਜ ਨੰ: 12



## ਹਰਿਆਲੇ ਭਾਰਤ ਦਾ ਹਰਿਆਲਾ ਤਿਉਹਾਰ

ਹਸੀਰੁੱਹਬਾ ਜਿਹੇ ਤਿਉਹਾਰਾਂ ਦੁਆਰਾ ਸਮੁਦਾਇ ਦੀ ਭਾਗੀਦਾਰੀ ਨਾਲ ਰੁੱਖ ਲਗਾਉਣ ਦੀ ਸੰਸਕ੍ਰਿਤੀ ਨੂੰ ਗ੍ਰਾਮੀਣ ਜੀਵਨ ਸ਼ੈਲੀ ਵਿੱਚ ਸ਼ਾਮਿਲ ਕਰਨ ਦਾ ਇੱਕ ਉਪਰਾਲਾ ਕੀਤਾ ਜਾ ਰਿਹਾ ਹੈ।

ਪੇਜ ਨੰ: 17

## ਸੰਪਾਦਕੀ

ਖੇਤੀ ਯੁੱਗਾਂ-ਯੁੱਗਾਂ ਤੋਂ ਕੁਦਰਤੀ ਹੀ ਰਹੀ ਹੈ। ਗੈਰ ਕੁਦਰਤੀ ਖੇਤੀ ਪਿਛਲੇ ਸੌ ਕੁ ਸਾਲ ਦਾ ਹੀ ਵਰਤਾਰਾ ਹੈ। ਕੁਦਰਤ ਨਾਲ ਢੁਕਵੀਂ ਖੇਤੀ ਵਿੱਚ ਰੁੱਖ, ਪਸ਼ੂ, ਪੰਛੀ ਅਤੇ ਜੈਵਿਕ ਵਿਭਿੰਨਤਾ ਸਭ ਕੁਝ ਸਮੁੱਚਤਾ ਦੇ ਵਿੱਚ ਸ਼ਾਮਿਲ ਹੁੰਦਾ ਸੀ। ਇਸ ਕੁਦਰਤੀ ਖੇਤੀ ਵਿੱਚ ਮਸ਼ੀਨਾਂ ਰਾਹੀਂ ਮਨੁੱਖ ਵਿਚਾਰ ਦੇ ਕੇਂਦਰ 'ਚ ਹੁੰਦਾ ਸੀ।

ਰਸਾਇਣਿਕ ਖੇਤੀ ਆਉਣ ਤੋਂ ਪਹਿਲਾਂ ਕਿਸਾਨ ਦੇ ਆਪਣੇ ਬੀਜ ਹੁੰਦੇ ਸਨ। ਉਸਦਾ ਆਪਣਾ ਪਸ਼ੂਧਨ ਅਤੇ ਆਪਣੀ ਹੀ ਖੁਰਾਕ ਸੁਰੱਖਿਆ ਲਈ ਘਰੇਲੂ ਵੰਨ-ਸੁਵੰਨਤਾ ਭਰਪੂਰ ਬੀਜਾਂ ਦਾ ਇੱਕ ਪੂਰਾ ਭੰਡਾਰ ਹੁੰਦਾ ਸੀ। ਇਸ ਕੰਮ 'ਚ ਬੀਬੀਆਂ ਦੀ ਖਾਸ ਤੌਰ 'ਤੇ ਮਹੱਤਵਪੂਰਨ ਭੂਮਿਕਾ ਹੁੰਦੀ ਸੀ। ਪਰ ਇਹ ਵਰਤਾਰਾ ਹਰੇ ਇਨਕਲਾਬ ਦੇ ਤੂਫ਼ਾਨੀ ਵਿਕਾਸ, ਮਸ਼ੀਨ ਅਤੇ ਜ਼ਹਿਰ ਅਧਾਰਿਤ ਖੇਤੀ ਮਾਡਲ ਨੇ ਸਭ ਕੁੱਝ ਖੇਰੂੰ ਖੇਰੂੰ ਕਰ ਦਿੱਤਾ। ਹੁਣ ਕਿਤੇ-ਕਿਤੇ ਕੁੱਝ ਬਚਿਆ ਹੈ ਤਾਂ ਉਹ ਦੂਰ-ਦੁਰਾਡੇ ਪਿੰਡ ਵਿੱਚ ਜਾਂ ਅਖੌਤੀ ਵਿਕਾਸ ਦੇ ਤੂਫ਼ਾਨ ਤੋਂ ਆਪਣੇ ਆਪ ਨੂੰ ਬਚਾਕੇ ਰੱਖਣ ਵਾਲੇ ਲੋਕਾਂ ਕੋਲ ਹੀ ਕੁੱਝ ਬਚਿਆ ਹੈ।

ਬੀਬੀਆਂ ਦੀ. ਕੁਦਰਤੀ ਖੇਤੀ ਦੇ ਮਾਡਲ ਵਿੱਚ ਅਹਿਮ ਭੂਮਿਕਾ ਰਹੀ ਹੈ। ਕੁਦਰਤੀ ਖੇਤੀ ਦੀ ਜੇ ਗੱਲ ਕਰਨੀ ਹੈ ਤਾਂ ਮਨੁੱਖ ਅਤੇ ਪਰਿਵਾਰ ਦੀ ਗੱਲ ਕਰਨੀ ਹੋਵੇਗੀ। ਇਸ ਵਿੱਚ ਵੀ ਬੀਬੀਆਂ ਨੂੰ ਅਹਿਮ ਭੂਮਿਕਾ ਵਿੱਚ ਰੱਖਣਾ ਪਵੇਗਾ। ਪੁਰਸ ਤਾਂ ਇਕੱਲਾ ਪੈਸਾ, ਮੁਨਾਫ਼ਾ ਜਾਂ ਝਾੜ ਦੀ ਗੱਲ ਹੀ ਕਰਦਾ ਹੈ। ਸੁੱਖ ਅਤੇ ਭਲਾ ਬੀਬੀਆਂ ਹੀ ਮੰਗਦੀਆਂ ਨੇ ।

ਅਸੀਂ ਪਿਛਲੇ 40-50 ਸਾਲਾਂ 'ਚ ਝਾੜ ਅਤੇ ਮੁਨਾਫੇ ਦੇ ਚੱਕਰ 'ਚ ਖੇਤੀ ਦੀ ਜੋ ਬਰਬਾਦੀ ਕੀਤੀ ਹੈ। ਉਸਨੇ ਸਾਡੀ ਖ਼ੁਰਾਕ ਅਤੇ ਸਿਹਤ ਦਾ ਵੀ ਘਾਣ ਕੀਤਾ ਹੈ। ਹੁਣ ਜੇਕਰ ਖੇਤੀ ਨੂੰ ਸੁਚੱਜੀ ਖੁਰਾਕ, ਪੋਸ਼ਣ ਅਤੇ ਸਿਹਤ ਨਾਲ ਜੋੜਦਾ ਹੈ ਤਾਂ ਉਸ ਵਿੱਚ ਬੀਬੀਆਂ ਨੂੰ ਇੱਕ ਅਹਿਮ ਭੂਮਿਕਾ ਦੇਣੀ ਪਵੇਗੀ ।

ਲੀਜ਼ਾ ਇੰਡੀਆ ਦੇ ਅੰਕ ਵਿੱਚ ਸੋਮਿਆ ਸ਼ੰਕਰ ਬੋਸ਼ ਅਤੇ ਅੰਮ੍ਰਿਤਾ ਗੁਪਤਾ ਨੇ ਭਾਰਤ ਵਿੱਚ ਕੁਦਰਤ ਨਾਲ ਟਿਕਾਊ ਖੇਤੀ ਦੀ ਤਾਕਤ ਦੇ ਪਿੱਛੇ ਮਹਿਲਾ ਸਮੂਹ ਉੱਤੇ ਵਿਸਤਾਰ ਨਾਲ ਲਿਖਿਆ ਹੈ। ਇਹ ਬੀਬੀਆਂ ਦਾ ਵਰਤਾਰਾ ਸਮੁੱਚੇ ਭਾਰਤ ਅਤੇ ਖ਼ਾਸ ਕਰ ਪੰਜਾਬ ਦੀ ਖੇਤੀ ਨੂੰ ਟਿਕਾਊ ਤੇ ਕੁਦਰਤੀ ਬਣਾਉਣ ਲਈ ਇੱਕ ਰਾਹ ਦਸੇਰੇ ਦਾ ਕੰਮ ਕਰੇਗਾ।

ਆਸ ਕਰਦੇ ਹਾਂ ਕਿ ਲੀਜ਼ਾ ਇੰਡੀਆ ਦਾ ਹੱਥਲਾ ਅੰਕ ਆਪਜੀ ਤੇ ਖਰਾ ਉਤਰੇਗਾ।
ਧੰਨਵਾਦ




# ਭਾਰਤ ਵਿੱਚ ਐਗਰੋਇਕੋਲਾਜ਼ੀ ਦੀ ਤਾਕਤ ਪਿੱਛੇ ਮਹਿਲਾ ਸਮੂਹ

## ਸੌਮਿਆ ਸ਼ੰਕਰ ਬੋਸ ਅਤੇ ਅੰਮ੍ਰਿਤਾ ਗੁਪਤਾ ਦੀ ਫੋਟੋਸਟੋਰੀ

**ਅਸੀ ਜਾਣਦੇ ਸੀ ਕਿ ਸਾਨੂੰ ਆਪਣੇ ਦੇਸੀ ਬੀਜਾਂ ਦੀਆਂ ਕਿਸਮਾਂ ਨੂੰ ਬਚਾਉਣ ਅਤੇ ਆਪਣੀ ਪ੍ਰੰਪਰਿਕ ਖੇਤੀ ਜੋ ਕਿ ਕੁਦਰਤ ਨੂੰ ਕੋਈ ਨੁਕਸਾਨ ਨਹੀ ਪਹੁੰਚਾਉਣ ਦੀ ਸੰਬੰਧੀ ਗਿਆਨ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਲਈ ਇੱਕ ਸਥਾਨ ਦੀ ਜਰੂਰਤ ਹੈ। ਇਹ ਕਹਿਣਾ ਹੈ ਕਰਨਾਟਕ ਵਿੱਚ ਬੰਗਲੋਰ ਨੇੜੇ ਸਥਿਤ ਅੰਮ੍ਰਿਤਾ ਭੂਮੀ ਨਾਮ ਦੇ ਕੁਦਰਤੀ ਖੇਤੀ ਟ੍ਰੇਨਿੰਗ ਸੈਂਟਰ ਦੀ ਕੋਆਰਡੀਨੇਟਰ ਚੁਕੀ ਨਾਸੁਦਾ ਸਵਾਮੀ ਦਾ ਇਹ ਸੈਂਟਰ ਇਹ ਸਾਬਿਤ ਕਰਨ ਲਈ ਸਥਾਪਿਤ ਕੀਤਾ ਗਿਆ ਹੈ ਕਿ ਖੇਤੀ ਦਾ ਇੱਕ ਵਿਕਲਪਿਕ ਮਾਡਲ ਮੌਜੂਦ ਹੋ ਸਕਦਾ ਹੈ।**

**ਲਾ ਵਾਇਆ ਕੈਂਮਸਿਨਾਂ ਦੇ ਮੈਂਬਰ ਦੇ ਰੂਪ ਵਿੱਚ ਇਹ ਸੈਂਟਰ ਕਿਸਾਨ ਤੋਂ ਕਿਸਾਨ ਦ੍ਰਿਸ਼ਟੀਕੋਣ, ਖੇਤੀ ਵਿਗਿਆਨ, ਕਿਸਾਨ ਅਧਿਕਾਰ, ਸੰਪ੍ਰਭੂਤਾ ਅਤੇ ਸਮਾਜਿਕ ਨਿਆਂ ਉੱਪਰ ਆਧਾਰਿਤ ਟ੍ਰੇਨਿੰਗ ਪ੍ਰਦਾਨ ਕਰਦਾ ਹੈ।**

ਖੇਤੀ ਦੇ ਵਪਾਰੀਕਰਨ ਅਤੇ ਉਦਯੋਗੀਕਰਨ ਨੇ ਦੱਖਣੀ ਵਿਸ਼ਵ ਦੇ ਜ਼ਿਆਦਾਤਰ ਹਿੱਸੇ ਵਿੱਚ ਮਹਿਲਾ ਕਿਸਾਨਾਂ ਨੂੰ ਗਾਇਬ ਕਰ ਦਿੱਤਾ ਹੈ। ਭਾਰਤ ਵੀ ਅਪਵਾਦ ਨਹੀਂ ਹੈ। ਪਰ ਹੁਣ ਇਹ ਭਾਰਤ ਵਿੱਚ ਹੋਣ ਵਾਲੀ ਜੀਰੋ ਬਜ਼ਟ ਕੁਦਰਤੀ ਖੇਤੀ (ਜਿਸਨੂੰ ਸਮੁਦਾਇ ਪ੍ਰਬੰਧਿਤ ਕੁਦਰਤੀ ਖੇਤੀ ਵੀ ਕਿਹਾ ਜਾਂਦਾ ਹੈ) ਦੇ ਪ੍ਰਵਚਨ ਦੇ ਨਾਲ ਬਦਲ ਰਿਹਾ ਹੈ। ਜਿਸ ਨਾਲ ਲਗਭਗ 10ਲੱਖ ਛੋਟੇ ਕਿਸਾਨ ਜੁੜੇ ਹੋਏ ਹਨ। ਮਹਿਲਾਵਾਂ ਜਿੰਨਾਂ ਦੀ ਲੋਨ, ਜ਼ਮੀਨ ਅਤੇ ਵਪਾਰਕ ਬੀਜਾਂ ਤੱਕ ਘੱਟ ਪਹੁੰਚ ਹੈ, ਇਸ ਖੇਤੀ ਮਾਡਲ ਦੀਆਂ ਵੱਡੀਆਂ ਸਮਰਥਕ ਦੇ ਤੌਰ ਤੇ ਸਾਹਮਣੇ ਆਈਆਂ ਹਨ।

ਆਪਣੇ ਸਮੁਦਾਇ ਨੈਟਵਰਕਾਂ ਅਤੇ ਸਵੈ ਸਹਾਇਤਾ ਸਮੂਹ ਉਹਨਾਂ ਨੇ ਖੇਤੀ ਦੇ ਇਸ ਮਾਡਲ ਨੂੰ ਇੱਕ ਪਿੰਡ ਤੇ ਦੂਜੇ ਪਿੰਡ ਤੱਕ ਪਹੁੰਚਾਉਣ ਦੇ ਨਾਲ ਨਾਲ, ਨਾ ਸਿਰਫ ਘਰੇਲੂ ਪੋਸ਼ਣ ਅਤੇ ਆਮਦਨੀ ਵਿੱਚ ਸੁਧਾਰ ਕੀਤਾ ਬਲਕਿ ਆਪਣੇ ਮਾਨ ਸਨਮਾਨ ਨੂੰ ਵੀ ਵਧਾਇਆ। ਉਹਨਾਂ ਦੀਆਂ ਕ੍ਰਿਆਵਾਂ ਵਿੱਚ ਕਈ ਵਾਰ ਪ੍ਰੰਪਰਿਕ ਬਾਜ਼ਾਰ ਉੱਪਰ ਉਹਨਾਂ ਦੇ ਨਾਰੀਵਾਦੀ ਤਰਕ ਹਾਵੀ ਹੋ ਜਾਂਦੇ ਹਨ। ਹਾਲਾਂਕਿ ਇਸ ਦੇ ਕਾਰਨ ਕਈ ਵਾਰ ਰਾਜਨੀਤਿਕ ਤਨਾਅ ਅਤੇ ਵਿਵਾਦ ਵੀ ਪੈਦਾ ਹੋ ਗਏ।



*ਆਪਣੇ ਸਮੁਦਾਇ ਨੈਟਵਰਕਾਂ ਅਤੇ ਸਵੈ ਸਹਾਇਤਾ ਸਮੂਹਾਂ ਕੁਰਮਰਾਂ ਉਹਨਾਂ ਨੇ ਖੇਤੀ ਦੇ ਇਸ ਮਾਡਲ ਨੂੰ ਇੱਕ ਪਿੰਡ ਤੋਂ ਦੂਜੇ ਪਿੰਡ ਪਹੁਚਾਇਆ*

ਆਂਧਰਾ ਪ੍ਰਦੇਸ਼ ਵਿੱਚ ਮਹਿਲਾਵਾਂ ਦੇ ਸਵੈ-ਸਹਾਇਤਾ ਸਮੂਹਾਂ ਨੇ ਕੁਦਰਤੀ ਖੇਤੀ ਨੂੰ ਪਿੰਡ-ਪਿੰਡ ਪਹੁੰਚਾਉਣ ਵਿੱਚ ਮੱਹਤਵਪੂਰਨ ਭੂਮਿਕਾ ਨਿਭਾਈ। ਇਹਨਾਂ ਸਮੂਹਾਂ ਦੀ ਭਾਗੀਦਾਰੀ ਤੋਂ ਬਿਨਾਂ ਕੁਦਰਤੀ ਖੇਤੀ ਨੂੰ ਏਨੇ ਵੱਡੇ ਪੱਧਰ ਤੇ ਫੈਲਾਉਣਾ ਅਤੇ ਲਗਭਗ 6 ਲੱਖ ਕਿਸਾਨਾਂ ਤੱਕ ਪਹੁੰਚ ਬਣਾਉਣਾ ਅਸੰਭਵ ਸੀ ਅਤੇ ਦਹਾਕੇ ਦੇ ਅੰਤ ਤੱਕ 6 ਮਿਲੀਅਨ ਕਿਸਾਨਾਂ ਤੱਕ ਪਹੁੰਚਣ ਦਾ ਲਕਸ਼ ਪ੍ਰਾਪਤ ਕਰਨਾ ਵੀ ਇਹਨਾਂ ਦੀ ਸਹਾਇਤਾ ਤੋਂ ਬਿਨਾਂ ਅਸੰਭਵ ਹੋਵੇਗਾ। ਇਸ ਪ੍ਰੋਗਰਾਮ ਦਾ ਜ਼ਿਆਦਾਤਰ ਸਟਾਫ ਅਤੇ ਟ੍ਰੇਨਰ ਮਹਿਲਾਵਾਂ ਹਨ।

ਆਂਧਰਾ ਪ੍ਰਦੇਸ਼ ਦੇ ਅਮੰਤਪੁਰ ਵਿੱਚ ਬਹੁਤ ਸਾਰੀਆਂ ਬੇਜਮੀਨਾਂ ਮਹਿਲਾ ਕਿਸਾਨ ਹਨ- ਇਹਨਾਂ ਵਿੱਚ ਕੁੱਝ ਉਹਨਾਂ ਕਿਸਾਨਾਂ ਦੀਆਂ ਵਿਧਵਾਵਾਂ ਹਨ ਜਿੰਨਾਂ ਨੇ ਆਤਮਹੱਤਿਆ ਕਰ ਲਈ ਸੀ (ਇਹ ਹਾਲੇ ਵੀ ਜਾਰੀ ਹੈ)। ਬਾਕੀ ਮਨੁੱਖੀ ਤਸਕਰੀ ਤੋਂ ਬਚਾਈਆਂ ਮਹਿਲਾਵਾਂ ਹਨ। ਲਗਭਗ ਸਭ ਜਾਤੀ ਭੇਦਭਾਵ ਦਾ ਸ਼ਿਕਾਰ ਰਹੀਆਂ ਹਨ। ਇਹਨਾ ਵਿੱਚੋਂ ਕੁੱਝ ਮਹਿਲਾਵਾਂ ਦਾ ਗਰੁੱਪ ਅੱਗੇ ਆਇਆ ਅਤੇ ਮਿਲਕੇ ਉਹ ਜ਼ਮੀਨ ਠੇਕੇ ਉੱਪਰ ਲਈ ਜਿਹੜੀ ਖਾਲੀ ਪਈ ਰਹਿੰਦੀ ਸੀ। ਮਹਿਲਾਵਾਂ ਨੇ ਆਪਣੇ ਕੋਸ਼ਿਲ, ਗਿਆਨ ਨੂੰ ਇੱਕ ਦੂਸਰੇ ਨਾਲ ਸਾਂਝਾ ਕੀਤਾ ਅਤੇ ਮਿਲਕੇ ਕੰਮ ਕੀਤਾ ਅਤੇ



***ਮਹਿਲਾਵਾਂ ਦੀ ਘਰ ਦੀ ਪੋਸ਼ਟਿਕਤਾ, ਪੋਸ਼ਣ, ਆਮਦਨ ਅਤੇ ਮਿੱਟੀ ਦੀ ਸਿਹਤ ਸੁਧਾਰਨ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਹੈ।***

***ਅਨੰਤਪੁਰ ਵਿੱਚ ਮਹਿਲਾਵਾਂ ਦੀ ਕੁਲੈਕਿਟਿਵ***



ਆਪਣੇ ਪਰਿਵਾਰ ਲਈ ਜ਼ਹਿਰ ਮੁਕਤ ਭੋਜਨ ਉਗਾਇਆ। ਵਾਧੂ ਫਲ ਸਬਜੀਆਂ ਉਹ ਆਪਣੇ ਸਟੋਰ ਉੱਪਰ ਵੇਚਦੀਆਂ ਹਨ ਅਤੇ ਗ੍ਰਾਹਕਾਂ ਨੂੰ ਸਾਈਕਲ ਰਾਹੀ 'ਡੋਰ-ਟੂ-ਡੋਰ' ਡਿਲਵਰੀ ਵੀ ਕਰਦੀਆਂ ਹਨ। ਉਹ ਆਪਣੇ ਇਸ ਛੋਟੇ ਜਿਹੇ ਉੱਦਮ ਨੂੰ ਵਧਦੇ ਦੇਖਣ ਲਈ ਉਤਸਕ ਹਨ।

ਮਹਿਲਾਵਾਂ ਨੇ ਆਪਸ ਵਿੱਚ ਇੱਕ ਹੋਰ ਸਿਸਟਮ ਤਿਆਰ ਕੀਤਾ ਹੈ ਜਿਸ ਨਾਲ ਉਹ ਅਸਾਨੀ ਨਾਲ ਆਪਣੇ ਖੇਤ ਅਤੇ ਪਰਿਵਾਰ ਦੀ ਦੇਖਭਾਲ ਲਈ ਪੂਰਾ ਸਮਾਂ ਦੇ ਪਾਉਂਦੀਆਂ ਹਨ। ਉਹਨਾਂ ਨੇ ਆਪਣੇ ਲਈ ਇੱਕ ਨਵਾਂ ਸਿਸਟਮ ਤਿਆਰ ਕੀਤਾ ਹੈ ਜਿਸ ਵਿੱਚ ਉਹ ਖੇਤੀ ਸੀਜਨ ਦੌਰਾਨ ਮਜਦੂਰੀ ਦਾ ਅੰਸ਼ਿਕ ਭੁਗਤਾਨ ਕਰਦੀਆਂ ਹਨ ਤਾਂ ਕਿ ਕਟਾਈ ਤੋਂ ਪਹਿਲਾਂ ਵੀ ਉਹਨਾਂ ਕੋਲ ਆਪਣੇ ਘਰ ਦੀਆਂ ਜਰੂਰਤਾਂ ਪੂਰੀਆਂ ਕਰਨ ਲਈ ਕਾਫੀ ਪੈਸਾ ਹੋਵੇ। ਵਿੱਤੀ ਸਥਿਤੀ ਸੁਧਰਨ ਤੋਂ ਅਗਾਤ ਵਧ ਕੇ ਖੇਤੀ ਦਾ ਇਹ ਮਾਡਲ ਸੰਪ੍ਰਭੂਤਾ, ਆਤਮ ਨਿਰਭਰ ਅਤੇ ਸਨਮਾਨ ਦੀ ਰਾਹ ਵਿੱਚ ਵੀ ਮੀਲ ਪੱਥਰ ਸਾਬਿਤ ਹੋਇਆ ਹੈ।


ਸੁਜਾਤਾ ਅਤੇ ਉਸਦੇ ਪਤੀ ਕਰਨਾਟਕ ਦੇ ਗੋਟੀਗੇਹਲੀ ਵਿੱਚ ਆਪਣੇ 4ਏਕੜ ਦੇ ਖੇਤ ਉੱਪਰ ਪਿਛਲੇ 10 ਸਾਲ ਤੋਂ ਕੁਦਰਤੀ ਖੇਤੀ ਕਰ ਰਹੇ ਹਨ।

ਸੁਜਾਤਾ ਦਾ ਕਹਿਣਾ ਹੈ ਕਿ ਰਸਾਇਣਿਕ ਖੇਤੀ ਤੋਂ ਕੁਦਰਤੀ ਖੇਤੀ ਵੱਲ ਆਉਣਾ ਕਾਫੀ ਚੁਣੌਤੀ ਭਰਿਆ ਸੀ ਪਰ ਜਿਵੇਂ ਉਹਨਾਂ ਨੂੰ ਰਸਾਇਣਿਕ ਕੀਟਨਾਸ਼ਕਾਂ ਅਤੇ ਖਾਦਾਂ ਕਰਕੇ ਸਿਹਤ ਨੂੰ ਹੋਣ ਵਾਲੇ ਨੁਕਸਾਨਾਂ ਬਾਰੇ ਸਮਝ ਵਿੱਚ ਆਇਆ ਉਹਨਾਂ ਦਾ ਕੁਦਰਤੀ ਖੇਤੀ ਨੂੰ ਅਪਣਾਉਣ ਦਾ ਸੰਕਲਪ ਹੋਰ ਵੀ ਮਜ਼ਬੂਤ ਹੋ ਗਿਆ। ਹੁਣ ਆਪਣੇ ਖੇਤ ਵਿੱਚ ਕੁਦਰਤੀ ਖੇਤੀ ਦੇ ਪੰਜ ਪਰਤੀ ਮਾਡਲ ਦੇ ਅਨੁਸਾਰ ਖੇਤੀ ਕਰਦੇ ਹਨ: ਇੱਕ ਅਜਿਹਾ ਸਿਸਟਮ ਜੋ ਕਿ ਖੇਤ ਨਾਲੋ ਜਿਆਦਾ ਜੰਗਲ ਹੈ। "ਜਗਦੀਸ਼ ਅੱਗੇ ਦੱਸਦਾ ਹੈ ਕਿ ਉਸਦੇ ਖੇਤ ਉੱਪਰ ਉਹ 200 ਤੋਂ ਜ਼ਿਆਦਾ ਕਿਸਮਾਂ ਉਗਾਉਂਦਾ ਹੈ। ਇਹ ਜੋੜਾ ਆਪਣੇ ਸਕਰਕੰਦੀ, ਦਾਲਾਂ ਅਤੇ ਨਿੰਬੂ ਉਗਾਉਂਦੇ ਹਨ ਅਤੇ ਆਪਣੇ ਖੇਤ ਦੇ ਢਲਾਨ ਵਾਲੇ ਖੇਤਰ ਵਿੱਚ ਕੌਫੀ ਉਗਾਉਣ ਦੇ ਵੀ ਤਜ਼ਰਬੇ ਕਰ ਰਿਹਾ ਹੈ।ਮੁਰਗੀਆਂ ਅਤੇ ਬੱਕਰੀਆਂ ਖੁੱਲੀਆਂ ਘੁੰਮਦੀਆਂ ਹਨ। ਸਿਲਵਰ ਓਕ ਅਤੇ ਸੁਹੰਜਨਾ ਦੇ ਰੁੱਖ ਕੁਦਰਤੀ ਬਾਉਡਰੀ ਦਾ ਕੰਮ ਕਰਦੇ ਹਨ ਅਤੇ ਜਦੋ ਇਹਨਾਂ ਦੇ ਪੱਤੇ ਝੜਦੇ ਹਨ ਤਾਂ ਇਹੀ ਪੱਤੇ ਮਲਚਿੰਗ ਦਾ ਕੰਮ ਕਰਦੇ ਹਨ ਅਤੇ ਬਾਅਦ ਵਿੱਚ ਗਲ-ਸੜ ਕੇ ਮੱਲੜ ਦਾ ਕੰਮ ਦਿੰਦੇ ਹਨ।

ਨਿਸਰਗ ਨਿਸਰਗਕਾ ਸਵੈਵ ਕ੍ਰਿਸ਼ੀਕਾਰਾ ਸੰਘ ਕਰਨਾਟਕ ਦੇ ਹੌਨੂਰ ਵਿੱਚ ਇੱਕ ਆਤਮਨਿਰਭਰ ਕੋਆਪ੍ਰੇਟਿਵ ਗਰੁੱਪ ਹੈ। ਸਾਰੇ ਮੈਂਬਰ ਸਮਾਜਿਕ ਅਤੇ ਜਾਤੀ ਭੇਦਭਾਵ ਨੂੰ ਇੱਕ ਪਾਸੇ ਰੱਖ ਕੇ ਮਿਲ ਕੇ ਕੁਦਰਤੀ ਖੇਤੀ ਕਰਦੇ ਹਨ। ਜਦੋਂ ਕਿ ਜ਼ੀਰੋ ਬਜਟ ਕੁਦਰਤੀ ਖੇਤੀ



*ਜਗਦੀਸ਼ ਕੁਦਰਤੀ ਖੇਤੀ ਦਾ ਪੰਜ - ਪਰਤੀ ਮਾਡਲ ਫੋਲੋ ਕਰਦਾ ਹੈ, ਜੋ ਇੱਕ ਖੇਤ ਨਾਲੋ ਵੱਧ ਜੰਗਲ ਵਾਂਗ ਹੈ*



ਦਾ ਸਫਲਤਾ ਪੂਰਕ ਪ੍ਰਚਾਰ-ਪਸਾਰ ਹੋ ਰਿਹਾ ਹੈ, ਇਸਦੀ ਲੋਕਪ੍ਰਿਅਤਾ ਨੇ ਰਾਜਨੀਤਿਕ ਚੁਣੌਤੀਆਂ ਅਤੇ ਵਿਵਾਦਾਂ ਨੂੰ ਵੀ ਜਨਮ ਦਿੱਤਾ ਹੈ। ਜ਼ੀਰੋ ਬਜਟ ਕੁਦਰਤੀ ਖੇਤੀ ਦਾ ਕੇਂਦਰ ਅਧਾਰ ਗੋਬਰ ਅਤੇ ਗੋਮੂਤਰ ਦਾ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣਾ ਅਤੇ ਜੀਵਾਣੂਆਂ ਨੂੰ ਕ੍ਰਿਆਸ਼ੀਲ ਕਰਨਾ ਹੈ। ਪਰ ਇਸ ਮਾਡਲ ਲਈ ਇੱਕ ਹੋਰ ਚਿੰਨਾ ਦਾ ਵਿਸ਼ਾ ਹੈ- ਉਹ ਹੈ ਜੀ.ਐੱਮ. ਬੀਜ਼ਾਂ ਦਾ ਪ੍ਰਯੋਗ। ਆਂਧਰਾ ਪ੍ਰਦੇਸ਼ ਸਰਕਾਰ ਨੇ ਇਸ ਪ੍ਰੋਗਰਾਮ ਵਿੱਚੋਂ ਜੀ.ਐੱਮ. ਅਤੇ ਹਾਈਬ੍ਰਿਡ ਬੀਜਾਂ ਦੇ ਪ੍ਰਯੋਗ ਨੂੰ ਦੂਰ ਰੱਖਿਆ ਹੈ ਜਦਕਿ ਕੁੱਝ ਹੋਰ ਸਮੂਹਾਂ ਨੇ ਉਹਨਾਂ ਦੇ ਪ੍ਰਯੋਗ ਦੀ ਮੰਨਜੂਰੀ ਦਿੱਤੀ ਹੈ। ਹਾਲਾਂਕਿ ਜ਼ੀਰੋ ਬਜ਼ਟ ਕੁਦਰਤੀ ਖੇਤੀ ਨੇ ਕਾਫੀ ਸਫਲਤਾ ਹਾਸਿਲ ਕੀਤੀ ਹੈ ਪਰ ਫਿਰ ਵੀ ਅਜਿਹਾ ਸਿਸਟਮ ਜੋ ਕਿ ਪੂਰੀ ਤਰ੍ਹਾਂ ਬਾਹਰੀ ਨਿਵੇਸ਼ਾ ਅਤੇ ਤਕਨੀਕਾਂ ਉੱਪਰ ਨਿਰਭਰ ਹੈ, ਜਿਵੇਂ ਕਿ ਭਾਰਤ ਦੀ ਬੀ.ਟੀ. ਕਾਟਨ ਬੈਲਟ ਉੱਥੇ ਇਹ ਮਾਡਲ ਉਹੀ ਸਫਲਤਾ ਲਿਆ ਸਕੇਗਾ। ਜਿਹੜੀ ਇਸਨੇ ਬਾਕੀ ਜਗ੍ਹਾ ਪ੍ਰਾਪਤ ਕੀਤੀ ਹੈ।

ਦੁਨੀਆਂ ਦੇ ਜ਼ਿਆਦਾਤਰ ਹਿੱਸਿਆਂ ਵਿੱਚ, ਬੇਅੰਮਾ ਰੇਡੀ ਰਿਹੀਆਂ ਮਹਿਲਾਵਾਂ, ਜੋ ਲੰਬੇ ਸਮੇਂ ਤੋਂ ਦੇਸੀ ਬੀਜਾਂ ਦੀਆਂ ਸੰਰਖਿਅਕ ਰਹੀਆਂ ਹਨ। ਕੁਦਰਤੀ ਖੇਤੀ ਰਾਹੀ, ਉਹਨਾਂ ਦੇ ਗਿਆਨ ਦੇ ਭੰਡਾਰ ਅਤੇ ਖੇਤੀ ਵਿੱਚ ਉਹਨਾਂ ਦੇ ਯੋਗਦਾਨ ਨੂੰ ਦੁਬਾਰਾ ਸਨਮਾਨ ਮਿਲਿਆ ਹੈ, ਜਦੋਂ ਉਸਦੇ ਪੁੱਤਰ ਉੱਚੀ ਸਿੱਖਿਆ ਲਈ ਬਾਹਰ ਪੜ੍ਹਨ ਗਏ ਤਾਂ ਉਸ ਨੇ ਆਪਣੇ ਘਰਦੇ ਨੇੜੇ ਦੀ ਜ਼ਮੀਨ ਉੱਪਰ ਆਪਣੀਆਂ ਪੀੜ੍ਹੀਆਂ ਤੋਂ ਪ੍ਰਾਪਤ ਹੋਏ ਗਿਆਨ ਅਤੇ ਕੌਸ਼ਲ ਦਾ ਪ੍ਰਯੋਗ ਕਰਦੇ ਹੋਏ ਕੁਦਰਤੀ ਖੇਤੀ ਸ਼ੁਰੂ ਕੀਤੀ। ਉਹ ਦੇਸ਼ ਦੇ ਸਭ ਤੋਂ ਜ਼ਿਆਦਾ ਸੋਕਾ ਪ੍ਰਭਾਇਤੀ ਖੇਤਰਾਂ ਵਿੱਚੋ ਇੱਕ ਆਂਧਰਾ ਪ੍ਰਦੇਸ਼ ਦੇ ਬਾਲਕਾਬਰੀ ਪੱਲੀ ਨਾਲ ਸੰਬੰਧ ਰੱਖਦੀ ਹੈ।ਇਹਨਾਂ ਇਲਾਕਿਆਂ ਵਿੱਚ ਵਪਾਰਕ ਫਸਲ ਜਿੰਨਾ ਲਈ ਜ਼ਿਆਦਾ ਪਾਣੀ ਅਤੇ ਮਹਿੰਗੇ ਕੀਟਨਾਸ਼ਕਾਂ ਅਤੇ ਖਾਦਾਂ ਦੀ ਲੋੜ ਹੁੰਦੀ ਹੈ, ਫੇਲ ਸਾਬਤ ਹੋਏ ਹਨ। ਖਾਣੇ ਵਿੱਚ ਵਿੰਭਿੰਨਤਾ ਅਤੇ ਫਸਲ ਦੇ ਫੇਲ ਹੋਣ ਦੇ ਖਤਰੇ ਨੂੰ ਘੱਟ ਕਰਨ ਲਈ ਉਹਨਾਂ ਅਤੇ ਉਹਨਾਂ ਦੇ ਪਤੀ ਨੇ ਪ੍ਰੰਪਰਿਕ ਗਿਆਨ ਆਧਾਰਿਤ ਨਵਧਾਨਿਆਂ (ਨੌ ਅਨਾਜਾਂ ਅਤੇ ਮੂਲ ਅਨਾਜਾਂ ਦੇ ਮੇਲ ਦੀ ਬਿਜਾਈ) ਦੀ ਮੌਨਸੂਨ ਤੋਂ ਪਹਿਲਾ ਬਿਜਾਈ ਕਰਨ ਦਾ ਫੈਸਲਾ ਲਿਆ।



*ਕਵਿਤਾ ਕੁਰੁੰਗੰਟੀ*

ਕਵਿਤਾ ਕੁਰੁੰਗੰਟੀ, ਅਲਾਇੰਸ ਫਾਰ ਸਸਟੇਨੇਬਲ ਐਂਡ ਹੋਲਿਸਿਟਿਕ ਐਗਰੀਕਲਚਰ (ਆਸ਼ਾ) ਦੀ ਸੰਸਥਾਪਕ ਹੈ। ਉਹ ਮਾਕਾਮ ਜੋ ਕਿ 120 ਤੋਂ ਜ਼ਿਆਦਾ ਵਿਅਕਤੀਆਂ, ਮਹਿਲਾ ਕਿਸਾਨ ਸਮੂਹਾਂ, ਗੈਰ ਸਰਕਾਰੀ ਸੰਸਥਾਵਾਂ, ਖੋਜਕਰਤਾ ਅਤੇ ਸਮਾਜਿਕ ਕਾਰਜਕਰਤਾ ਦਾ ਸਮੂਹ ਹੈ ਦੀ ਵੀ ਮੈਂਬਰ ਹੈ। ਇਹ ਸਮੂਹ ਮਹਿਲਾ ਕਿਸਾਨਾਂ ਨੂੰ ਉਹਨਾਂਦੀ ਬਣਦੀ ਪਹਿਚਾਣ ਅਤੇ ਉਹਨਾਂ ਦੇ ਅਧਿਕਾਰ ਦਿਵਾਉਣ ਲਈ ਸੰਘਰਸ਼ਰਤ ਹੈ।ਆਪਣੇ ਇਕ ਇੰਟਰਵਿਊ ਵਿੱਚ, ਕਵਿਤਾ ਕੁਰੁਗੰਟੀ ਦੱਸਦੀ ਹੈ ਕਿ ਕਿਸ ਤਰ੍ਹਾਂ ਮਹਿਲਾਵਾਂ ਖੇਤੀ ਵਿੱਚ ਪੌਦ-ਰੋਪਣ, ਗੁਡਾਈ ਅਤੇ ਕਟਾਈ ਦੇ ਕੰਮਾਂ ਵਿੱਚ ਸ਼ਾਮਿਲ ਸਨ। ਅੱਗੇ ਉਹ ਕਹਿੰਦੀ ਹੈ ਕਿ ਜਿਵੇਂ ਖੇਤੀ ਬਾਜ਼ਾਰਮੁੱਖੀ ਹੋ ਗਈ, ਮਸ਼ੀਨਾਂ ਅਤੇ ਕੀਟਨਾਸ਼ਕਾਂ ਉੱਪਰ ਨਿਰਭਰਤਾ ਵਧ ਗਈ, ਉਸ ਨਾਲ ਫੈਸਲੇ ਲੈਣ ਦੀ ਸਾਰੀ ਸ਼ਕਤੀ ਪੁਰਸ਼ਾਂ ਕੋਲ ਚਲੀ ਗਈ। ਕੁਦਰਤੀ ਖੇਤੀ ਨਾਲ ਫੈਸਲਾ ਲੈਣ ਦੇ ਇਹ ਅਧਿਕਾਰ ਮਹਿਲਾ ਕਿਸਾਨਾਂ ਨੂੰ ਵਾਪਸ ਮਿਲੇ ਹਨ। ◆

*ਇਹ ਫੋਟੋ ਸੌਮਿਆ ਸ਼ੰਕਰ ਬੋਸ ਰਾਹੀ ਲਏ ਗਏ ਹਨ।*
*ਅੰਮ੍ਰਿਤਾ ਗੁਪਤਾ ਨੇ ਇਹ ਜਾਣਕਾਰੀਆਂ ਲਿਖੀਆਂ ਹਨ*
*ਅਤੇ ਐਗਰੋਇਕੋਲੋਜ਼ੀ ਫੰਡ ਲਈ ਕੰਮ ਕੀਤਾ ਹੈ।*
ਈ-ਮੇਲ :amrita.agroecologyfund@gmail.com

*ਇਹ ਫੋਟੋ ਸਟੋਰੀ ਦੱਖਣੀ ਭਾਰਤ ਵਿੱਚ ਫਰਵਰੀ 2020 ਦੌਰਾਨ ਇੱਕ ਹਫਤਾ ਲੰਬੇ ਗਿਆਨ-ਆਦਾਨ ਪ੍ਰਦਾਨ ਦੀ ਵਰਕਸ਼ਾਪ ਅਤੇ ਫੀਲਡ ਵਿਜ਼ਿਟਾਂ ਉੱਪਰ ਆਧਾਰਿਤ ਹੈ ਜਿਸ ਵਿੱਚ 30 ਤੋਂ ਜ਼ਿਆਦਾ ਦੇਸ਼ਾ ਦੇ 100 ਤੋਂ ਵੱਧ ਕੁਦਰਤੀ ਖੇਤੀ ਕਰਨ ਵਾਲੇ ਕਿਸਾਨਾਂ। ਸਮਰਥਕਾਂ, ਖੋਜਕਰਤਾਵਾਂ ਅਤੇ ਸੀਰੀ ਨਿਰਮਾਤਾਵਾਂ ਨੇ ਭਾਗ ਲਿਆ।*


**The Power of Women's Networks for agroecology in India**
**Farming Matters, October 2020**

# ਰੁੱਖ ਲਗਾਉ, ਰੋਜ਼ੀ ਕਮਾਓ ਅਤੇ ਵਾਤਾਵਰਨ ਬਚਾਓ

ਸੁਪ੍ਰਿਆ ਪਾਟਿਲ

**Grow-Trees.com, ਇੱਕ ਸਮਾਜਿਕ ਉਦਮ ਹੈ ਜੋ ਕਿ ਵਿਵਸਾਹਿਕ ਪੱਧਰ 'ਤੇ ਵਿਅਕਤੀਆਂ ਅਤੇ ਕੰਪਨੀਆਂ ਨੂੰ ਉਚਿਤ ਕੀਮਤ ਤੇ ਰੁੱਖ ਲਗਾਉਣ ਦੀ ਸੇਵਾ ਪ੍ਰਦਾਨ ਕਰ ਰਿਹਾ ਹੈ। ਆਪਣੀਆਂ ਵੈੱਬ ਅਧਾਰਿਤ ਸੇਵਾਵਾਂ ਦੁਆਰਾ, ਇਹ ਸੰਗਠਨ ਹਰ ਵਿਅਕਤੀ ਨੂੰ ਵਾਤਾਵਰਨ ਦੀ ਰੱਖਿਆ ਦੇ ਕੰਮ ਵਿੱਚ ਆਪਣਾ ਯੋਗਦਾਨ ਦੇਣ ਦਾ ਮੌਕਾ ਦੇ ਰਿਹਾ ਹੈ।**

ਭਾਰਤ ਵਿੱਚ ਗ੍ਰਾਮੀਣ ਸਮੁਦਾਇ ਲੰਬੇ ਸਮੇਂ ਤੋਂ ਕਈ ਸੁਵਿਧਾਵਾਂ ਤੋਂ ਵੰਚਿਤ ਰਹੇ ਹਨ। ਉਹਨਾਂ ਦੇ ਕੋਲ ਜਿੰਦਾ ਰਹਿਣ ਲਈ ਨਾ ਕੇਵਲ ਬੁਨਿਆਦੀ ਸੁਵਿਧਾਵਾਂ ਦਾ ਅਭਾਵ ਹੈ ਬਲਕਿ ਉਹਨਾਂ ਨੂੰ ਪਾਣੀ, ਭੋਜਨ ਅਤੇ ਨਿਯਮਿਤ ਆਮਦਨੀ ਤੱਕ ਆਪਦੀ ਪਹੁੰਚ ਤੋਂ ਬਿਨਾਂ ਆਪਣੀਆਂ ਜਰੂਰਤਾਂ ਨੂੰ ਪੂਰਾ ਕਰਨਾ ਚੁਣੌਤੀ ਪੂਰਨ ਲੱਗਦਾ ਹੈ। ਇਹਨਾਂ ਵਿੱਚੋ ਜ਼ਿਆਦਾਤਰ ਸਮੁਦਾਇ ਅਜਿਹੇ ਇਲਾਕਿਆਂ ਵਿੱਚ ਰਹਿੰਦੇ ਹਨ ਜਿੱਥੇ ਮਿੱਟੀ ਦੀ ਉਪਜਾਊ ਸ਼ਕਤੀ ਘੱਟ ਹੈ, ਰੁਜ਼ਗਾਰ ਦੇ ਮੌਕੇ ਘੱਟ ਹਨ ਅਤੇ ਪਾਣੀ ਦੇ ਸ੍ਰੋਤ ਪ੍ਰਦੂਸ਼ਿਤ ਹਨ। Grow-Trees.com, ਇੱਕ ਅਜਿਹਾ ਸਮਾਜਿਕ ਉੱਦਮ ਹੈ ਜੋ 2010 ਤੋਂ ਪੂਰੇ ਭਾਰਤ ਰੁੱਖ ਦੇ ਰੋਪਣ ਦੁਆਰਾ ਗ੍ਰਾਮੀਣ ਅਤੇ ਆਦੀਵਾਸੀ ਸਮੁਦਾਇਆਂ, ਸਮਾਜਿਕ ਅਤੇ ਆਰਥਿਕ ਉਤਥਾਨ ਲਈ ਕੰਮ ਕਰ ਰਿਹਾ ਹੈ।



*ਪੌਦ ਰੋਪਣ ਦੀ ਪ੍ਰਕ੍ਰਿਆ ਦੌਰਾਨ ਪਿੰਡ ਦੇ ਲੋਕ ਵਿੰਭਿਨ ਕ੍ਰਿਆ ਕਲਾਪਾਂ ਵਿੱਚ ਸ਼ਾਮਿਲ ਰਹਿੰਦੇ ਹਨ।*

**ਬਾਕਸ 1: ਸ਼੍ਰੀਮਤੀ ਦੇਵੀ ਦੀ ਕਹਾਣੀ**

ਇਸ ਪ੍ਰੋਜੈਕਟ ਨੇ ਵਿਸ਼ਪਰਸ ਦੇ ਇਰੂਨਾ ਆਦੀਵਾਸੀ ਸਮੁਦਾਇ ਦੀ 35 ਸਾਲਾ ਸ਼੍ਰੀਮਤੀ ਦੇਵੀ ਦੇ ਜ਼ਿੰਦਗੀ ਵਿੱਚ ਮਹੱਤਵਪੂਰਨ ਬਦਲਾਅ ਲਿਆਂਦਾ। ਉਸ ਉੱਪਰ ਆਪਣੇ ਤਿੰਨ ਪੁੱਤਰਾਂ ਦੀ ਜਿੰਮੇਦਾਰੀ ਸੀ। ਇਸ ਤੋਂ ਪਹਿਲਾਂ ਦਿਨ ਦੇ 13 ਘੰਟੇ ਦਿਹਾੜੀ ਮਜ਼ਦੂਰ ਦੇ ਤੌਰ ਤੇ ਕਠੋਰ ਕੰਮ ਕਰਨ ਤੇ ਨਾਂ ਤਾ ਉਸ ਨੂੰ ਆਪਣੀ ਪਰਿਵਾਰ ਦੀ ਦੇਖਭਾਲ ਕਰਨ ਲਈ ਸਮਾਂ ਮਿਲਦਾ ਸੀ ਅਤੇ ਨਾਂ ਹੀ ਉਹ ਆਪਣੇ ਬੱਚਿਆਂ ਦੀ ਸਿਹਤ, ਪੜ੍ਹਾਈ, ਲਿਖਾਈ ਬਾਰੇ ਕੋਈ ਸਮਾਂ ਦੇ ਪਾਉਂਦੀ ਸੀ।

ਰੁੱਖ ਰੋਪਣ ਦੇ ਪ੍ਰੋਜੈਕਟ ਵਿੱਚ ਇਕ ਨਰਸਰੀ ਵਰਕਰ ਦੇ ਤੌਰ ਤੇ ਜੁੜਨ ਤੋਂ ਬਾਅਦ ਉਸਨੂੰ ਸੰਸਥਾਪਕ ਵਾਤਾਵਰਣ ਵਿੱਚ ਕੰਮ ਕਰਨਾ ਸਨਮਾਨਜਨਕ ਲੱਗਦਾ ਹੈ ਅਤੇ ਹੁਣ ਉਹ ਆਪਣੇ ਬੱਚਿਆਂ ਦੀ ਪੜਾਈ, ਲਿਖਾਈ ਅਤੇ ਸਿਹਤ ਵੱਲ ਵੀ ਪੂਰਾ ਧਿਆਨ ਦੇ ਪਾਉਂਦੀ ਹੈ ਅਤੇ ਆਪਣੇ ਪਰਿਵਾਰ ਨਾਲ ਪੂਰਾ ਸਮਾਂ ਵੀ ਬਿਤਾਉਂਦੀ ਹੈ। ਉਸਦੇ ਕੰਮ ਦੀ ਉਸਦੇ ਭਾਈਚਾਰੇ ਦੇ ਹੋਰ ਲੋਕ ਵੀ ਸਲਾਹੁਤਾ ਕਰਦੇ ਹਨ।

ਪਿਛਲੇ 10 ਸਾਲਾਂ ਵਿੱਚ ਸੰਸਥਾ ਨੇ ਆਪਣਾ ਕੰਮ ਭਾਰਤ ਦੇ 20 ਰਾਜਾਂ ਵਿੱਚ ਫੈਲਾਇਆ ਹੈ ਜਿੰਨਾ ਵਿੱਚ ਉੜੀਸਾ ਪੱਛਮੀ ਬੰਗਾਲ ਮਹਾਰਾਸ਼ਟਰ, ਝਾਰਖੰਡ, ਮੱਧ ਪ੍ਰਦੇਸ਼, ਕਰਨਾਟਕ, ਆਂਧਰਾ ਪ੍ਰਦੇਸ਼, ਰਾਜਸਥਾਨ, ਬਿਹਾਰ, ਅਰੁਣਾਚਲ ਪ੍ਰਦੇਸ਼, ਉੱਤਰ ਪ੍ਰਦੇਸ਼, ਛੱਤੀਸਗੜ੍ਹ, ਗੁਜਰਾਤ, ਤਾਮਿਲਨਾਡੂ, ਸਿੱਕਮ, ਤੇਲੰਗਾਨਾ, ਉੱਤਰਾਖੰਡ, ਦਿੱਲੀ, ਪਾਂਡੇਚਰੀ ਅਤੇ ਪੰਜਾਬ ਸ਼ਾਮਿਲ ਹਨ।ਕੇਨੀਆ ਦੇ ਚੇਰੰਗਾਨੀ ਹਿਲਸ ਵਿੱਚ ਵਣੀਕਰਨ ਪਰਿਯੋਜਨਾ ਨੇ ਇਸਨੂੰ ਵਿਸ਼ਵ ਪੱਧਰ ਤੇ ਪਹੁੰਚਾ ਦਿੱਤਾ ਹੈ।

**ਪ੍ਰਕ੍ਰਿਆ:**

ਆਪਣੇ ਪ੍ਰੋਜੈਕਟ ਕੋਆਰਡੀਨੇਟਰ, ਪਲਾਂਟਿਗ ਪਾਰਟਨਰ ਅਤੇ ਵਾਤਾਵਰਣ ਖੋਜਕਰਤਾਵਾਂ ਦੀ ਮਦਦ ਨਾਲ ਸ੍ਰੋ - ਸ਼੍ਰੀ ਅਜਿਹੀਆਂ ਸਮੁਦਾਇ ਜ਼ਮੀਨਾਂ ਨੂੰ ਚੁਣਦਾ ਹੈ। ਜਿੱਥੇ ਬਨਸਪਤੀ ਕਰਨ ਅਤੇ ਪੌਦੇ ਲਗਾਉਣ ਦੀ ਲੋੜ ਹੁੰਦੀ ਹੈ ਅਤੇ ਫਿਰ ਇਹ ਆਪਣਾ ਕੰਮ ਸ਼ੁਰੂ ਕਰਦਾ ਹੈ। ਪੌਦੇ ਸਾਝੀਆਂ ਜ਼ਮੀਨਾਂ ਉਪਰ ਲਗਾਏ ਜਾਂਦੇ ਹਨ ਤਾਂ ਕਿ ਖੇਤਰ ਦੇ ਲੋਕਾਂ ਨੂੰ ਜ਼ਿਆਦਾ ਲਾਭ ਮਿਲ ਸਕੇ।

ਪੇਂਡੂ ਭਾਈਚੇਰੇ ਨੂੰ ਪੌਦੇ ਲਗਾਉਣ ਦੀ ਪ੍ਰਕ੍ਰਿਆ ਵਿੱਚ ਸ਼ਾਮਿਲ ਕਰਨ ਲਈ ਜਾਗਰੂਕਤਾ ਮੁਹਿੰਮਾ ਆਯੋਜਿਤ ਕੀਤੀਆਂ ਜਾਂਦੀਆਂ ਹਨ। ਪਿੰਡ ਪੱਧਰ ਤੇ ਪੰਚਾਇਤਾਂ ਅਤੇ ਪਿੰਡ ਦੇ ਲੋਕਾਂ ਨੂੰ ਰੁੱਖਾਂ ਦੇ ਫਾਇਦਿਆਂ, ਉਹਨਾਂ ਦੀ ਦੇਖਭਾਲ ਕਰਨ ਦੇ ਤਰੀਕਿਆਂ ਅਤੇ ਪੂਰੀ ਪ੍ਰਕ੍ਰਿਆ ਬਾਰੇ ਜਾਣਕਾਰੀ ਦੇਣ ਲਈ ਮੀਟਿੰਗਾਂ ਕੀਤੀਆਂ ਜਾਂਦੀਆ ਹਨ। ਇਹਨਾਂ ਮੀਟਿੰਗਾਂ ਦੌਰਾਨ ਯਕੀਨੀ ਬਣਾਇਆ ਜਾਂਦਾ ਹੈ ਕਿ ਪਿੰਡ ਦੇ ਭਾਈਚਾਰੇ ਨੂੰ ਰੁੱਖਾਂ ਦੀ ਕੀਮਤ ਬਾਰੇ ਉਹਨਾਂ ਨੂੰ ਪਤਾ ਲੱਗ ਸਕੇ। ਉਹਨਾਂ ਨੂੰ ਰੁੱਖਾਂ ਬਾਰੇ ਸੰਵੇਦਨਸ਼ੀਲ ਬਣਾਇਆ ਜਾਂਦਾ ਹੈ ਤਾਂ ਕਿ ਉਹ ਇਸ ਜ਼ਮੀਨ ਦਾ ਜ਼ਿਆਦਾ ਸ਼ੋਸਣ ਨਾ ਕਰਨ ਅਤੇ ਚਰਾਈ ਲਈ ਇਸਦਾ ਇਸਤੇਮਾਲ ਨਾ ਕਰਨ।

ਪੌਦਿਆਂ ਦੀ ਚੋਣ ਲੰਬੀ ਖੋਜ ਅਤੇ ਮਾਹਿਰਾਂ ਨਾਲ ਅਤੇ ਸਮੁਦਾਇ ਦੇ ਖੇਤਰਾਂ ਨਾਲ ਵਿਚਾਰ - ਵਟਾਂਦਰਾ ਕਰਨ ਤੋਂ ਬਾਅਦ ਸਮੁਦਾਇ ਦੀਆਂ ਜਰੂਰਤਾਂ ਨੂੰ ਧਿਆਨ ਵਿਚ ਰੱਖ ਕੇ ਕੀਤੀ ਜਾਂਦੀ ਹੈ। ਅਕਸਰ ਪੌਦਿਆਂ ਦੀ ਉਹਨਾਂ ਪ੍ਰਜਾਤੀਆਂ ਦੀ ਰੋਪਣ ਕੀਤਾ ਜਾਂਦਾ ਹੈ ਜੋ ਕਿ ਸਥਾਨਕ ਹੋਣ, ਆਯੁਰਵੈਦਿਕ ਮਹੱਤਵ ਹੋਵੇ ਅਤੇ ਉਸ ਦੇ ਨਾਲ ਹੀ ਉਸ ਤੋਂ ਆਰਥਿਕ ਲਾਭ ਵੀ ਮਿਲੇ। ਇਸ ਤਰ੍ਹਾਂ ਸਥਾਨਕ ਜੈਵਿ ਵਿਭਿੰਨਤਾ ਦਾ ਸੰਰਖਿਅਣ ਵੀ ਹੁੰਦਾ ਹੈ। ਮਿੱਟੀ ਦੇ ਗੁਣਾਂ ਖੇਤਰ ਵਿੱਚ ਵਰਖਾ ਦੇ ਪੈਟਰਨ ਅਤੇ ਸਮੁਦਾਇ ਦੀਆਂ ਆਰਥਿਕ, ਸਮਾਜਿਕ ਅਤੇ ਔਸ਼ਧੀ ਜਰੂਰਤਾਂ ਨੂੰ ਅਤੇ ਜੰਗਲੀ ਜੀਵਨ ਨੂੰ ਧਿਆਨ ਵਿੱਚ ਰੱਖਦੇ ਹੋਏ ਉਪਯੁਕਤ ਰੁੱਖਾਂ ਦੀ ਪ੍ਰਜਾਤੀਆਂ ਨੂੰ ਇੱਕਠਾ ਕੀਤਾ ਜਾਂਦਾ ਹੈ ਅਤੇ ਉਹਨਾਂ ਦੀ ਨਰਸਰੀ ਤਿਆਰ ਕੀਤੀ ਜਾਂਦੀ ਹੈ। ਉਦਾਹਰਣ ਲਈ ਪੱਛਮੀ ਬੰਗਾਲ ਦੇ ਸੁੰਦਰਬੰਸ ਨੈਸ਼ਨਲ ਪਾਰਕ ਦੇ ਖੇਤਰ ਦੇ ਆਲੇ-ਦੁਆਲੇ ਮੈਂਗ੍ਰੋਵ ਦੇ ਰੁੱਖ ਲਗਾਏ ਜਾਂਦੇ ਹਨ ਕਿਉਂਕਿ ਬੰਗਾਲ ਦੀ ਖਾੜੀ ਵਿੱਚ ਚੱਕਰਵਤੀ ਤੂਫਾਨ ਆਉਂਦੇ ਰਹਿੰਦੇ ਹਨ ਅਤੇ ਇਹ ਰੁੱਖ ਆਪਣਾ ਪ੍ਰਬੰਧਨ ਵਿੱਚ ਮੱਦਦ ਕਰਦੇ ਹਨ। ਹਾਲ ਦੇ ਅਧਿਐਨਾਂ ਵਿੱਚ ਇਹ ਸਾਹਮਣੇ ਆਇਆ ਹੈ ਕਿ ਇਹਨਾਂ ਰੁੱਖਾਂ ਦੀ ਚਾਲ ਦੇ ਕਾਰਨ ਸੁੰਦਰਬਨ ਨੈਸ਼ਨਲ ਪਾਰਕ ਵਿੱਚ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਕੁਦਰਤੀ ਆਪਦਾ ਕਰਕੇ ਹੋਣ ਵਾਲੇ ਨੁਕਸਾਨ ਨੂੰ ਕਾਫੀ ਹੱਦ ਤੱਕ ਘੱਟ ਕਰ ਲਿਆ ਗਿਆ ਹੈ।

**ਬਾਕਸ 2: ਰੁੱਖਾਂ ਨਾਲ ਸੰਦੇਸ਼ ਭੇਜਣਾ**

ਗੋ-ਗ੍ਰੀਨ ਡਾਟ ਕਾਮ ਫੀਚਰ ਦੇ ਨਾਲ ਇੱਕ ਵਿੱਲਖਣ ਸੰਦੇਸ਼ ਭੇਜਣ ਦੀ ਪੇਸ਼ਕਸ਼ ਕਰਦਾ ਹੈ ਜਿਸ ਵਿੱਚ ਇਕ ਵਿਅਕਤੀ ਆਨਲਾਇਨ ਰੁੱਖ ਲਗਾ ਸਕਦੇ ਹਨ ਅਤੇ ਆਪਣੇ ਸਮੇਂ ਸੰਬੰਧੀਆਂ ਨੂੰ ਈ-ਟ੍ਰੀਸ ਸਰਟੀਫਿਕੇਟ ਰਾਹੀ ਪਿਆਰ ਜਤਾ ਸਕਦੇ ਹਨ।ਗ੍ਰੋ-ਗ੍ਰੀਨ ਭਾਰਤ ਦੇ ਹਰ ਘਰ ਵਿੱਚ ਰੁੱਖ ਲਗਾਉਣ ਦੀ ਆਦਤ ਨੂੰ ਵਧਾਉਣਾ ਚਾਹੁੰਦਾ ਹੈ ਇਹ ਈ-ਟ੍ਰੀਸ ਸਰਟੀਫਿਕੇਟ ਜਨਮਦਿਨ, ਤਿਉਹਾਰਾਂ ਤੇ ਪਰਿਵਾਰ ਅਤੇ ਦੋਸਤਾਂ ਨੂੰ ਤੋਹਫੇ ਵੱਲੋਂ ਦਿੱਤਾ ਜਾ ਸਕਦਾ ਹੈ।ਵਰੇਗੰਡ ਜਾਂ ਹੋਰ ਵਿਸ਼ੇਸ਼ ਮੌਕੇ ਤੁਸੀਂ ਜੋ ਕੋਈ ਰੁੱਖ ਲਗਾਉਂਦੇ ਹੋ ਉਹ ਪੇੜ ਭਾਈਚਾਰੇ ਲਈ ਰੋਜ਼ੀ-ਰੋਟੀ ਦੀ ਵਿਵਸਥਾ ਕਰਦਾ ਹੈ।ਇਹ ਦੇਸ਼ ਨੂੰ ਹਰਿਆ ਭਰਿਆ ਬਣਾਉਣ ਅਤੇ ਭਾਰਤ ਦੇ ਹਰ ਮੌਕੇ ਮੁਹੱਈਆ ਕਰਾਉਣ ਦੀ ਉਹਨਾਂ ਦੀ ਕੋਸ਼ਿਸ਼ ਹੈ।

**ਭਾਰਤ ਦੇ 20 ਰਾਜਾਂ ਵਿੱਚ 4.5 ਮਿਲੀਅਨ ਤੋਂ ਵੱਧ ਰੁੱਖ ਲਗਾਏ ਜਾ ਚੁੱਕੇ ਹਨ, ਪੇਂਡੂ ਸਮੁਦਾਇ ਲਈ ਇਹ ਲਗਭਗ 370,000 ਰੋਜ਼ਗਾਰ ਦੇ ਦਿਨ ਪੈਦਾ ਕਰਦੇ ਹਨ।**

ਪੌਦਿਆਂ ਦੀ ਉੱਚ ਜੀਵਿਤ ਦਰ ਨੂੰ ਪ੍ਰਾਪਤ ਕਰਨ ਲਈ ਉਹਨਾਂ ਨੂੰ ਪਹਿਲਾ ਨਰਸਰੀਆਂ ਵਿੱਚ ਉਗਾਇਆ ਜਾਂਦਾ ਹੈ ਅਤੇ ਫਿਰ ਉਹਨਾਂ ਨੂੰ ਰੁੱਖ ਲਗਾਉਣ ਵਾਲੀਆਂ ਥਾਵਾਂ ਉੱਪਰ ਪਹੁੰਚਾਇਆ ਜਾਂਦਾ ਹੈ। ਪਿੰਡ ਦੇ ਲੋਕ ਪੌਦ ਰੋਪਣ ਦੀ ਪ੍ਰਕ੍ਰਿਆ ਦੌਰਾਨ ਵੱਖ-ਵੱਖ ਗਤੀਵਿਧੀਆਂ ਵਿੱਚ ਸ਼ਾਮਿਲ ਹੁੰਦੇ ਹਨ ਜਿਵੇਂ ਨਰਸਰੀ ਵਿੱਚ ਸੋ ਪਲਿੰਗ ਤਿਆਰ ਕਰਨਾ ਸੋ ਪਲਿੰਗ ਨੂੰ ਪੌਦੇ ਲਗਾਉਣ ਵਾਲੀ ਜਗ੍ਹਾ ਤੱਕ ਲੈ ਕੇ ਜਾਣਾ, ਜਗ੍ਹਾ ਦੀ ਸਫ਼ਾਈ, ਟੋਏ ਪੁੱਟਣਾ, ਪੌਦੇ ਲਗਾਉਣਾ ਅਤੇ ਉਹਨਾਂ ਨੂੰ ਪਾਣੀ ਦੇਣਾ ਆਦਿ। ਇਸ ਕੰਮ ਨਾਲ ਆਦੀਵਾਸੀ ਗ੍ਰਾਮੀਣ ਸਮੁਦਾਇ ਦੇ ਲੋਕਾਂ ਨੂੰ ਰੁਜ਼ਗਾਰ ਮਿਲਿਆ ਹੈ ਖਾਸ ਕਰਕੇ ਔਰਤਾਂ ਨੂੰ ਰੋਜ਼ਾਨਾ ਦਿਹਾੜੀ ਦੇ ਆਧਾਰ ਤੇ ਕੰਮ ਮਿਲਦਾ ਹੈ।



*ਨਰਸਰੀ ਤਿਆਰ ਕਰਨ ਤੇ ਪਿੰਡ ਦੀਆਂ ਔਰਤਾਂ ਨੂੰ ਰੁਜ਼ਗਾਰ ਦੇ ਮੌਕੇ ਉਪਲਬਧ ਕਰਾਏ ਹਨ।*

ਕਿਉਂਕਿ ਰੁੱਖ ਸਾਰੇ ਪਿੰਡ ਦੇ ਹੁੰਦੇ ਹਨ, ਇਸ ਲਈ ਉਨਾਂ ਤੋਂ ਮਿਲਣ ਵਾਲੇ ਸਮਾਜਿਕ - ਆਰਥਿਕ ਲਾਭ ਉੱਪਰ ਸਾਰੇ ਪਿੰਡ ਦਾ ਹੱਕ ਹੁੰਦਾ ਹੈ। ਪਿੰਡ ਦੇ ਲੋਕ ਫੈਸਲਾ ਲੈਂਦੇ ਹਨ ਕਿ ਫਲਾਂ ਦੇ ਦਰੱਖਤਾਂ ਤੋਂ ਮਿਲਣ ਵਾਲੇ ਉਤਪਾਦ ਨੂੰ ਆਪ ਵਰਤਿਆ ਜਾਵੇ ਨਾ ਮੰਡੀ ਵਿਚ ਵੇਚਿਆ ਜਾਵੇ। ਇਸੇ ਤਰ੍ਹਾਂ ਬਾਕੀ ਰੁੱਖਾਂ ਤੋਂ ਮਿਲਣ ਵਾਲੇ ਉਤਪਾਦਨ ਬਾਰੇ ਵੀ ਪਿੰਡ ਦੇ ਲੋਕ ਹੀ ਫੈਸਲਾ ਲੈਂਦੇ ਹਨ। ਐਨ.ਟੀ.ਐਫ.ਪੀ. (ਗੈਰ ਲੱਕੜੀ ਜੰਗਲ ਉਤਪਾਦ) ਇੱਕ ਵਾਰ ਪਰਿਪੱਕ ਹੋ ਜਾਣ ਤੋਂ ਮੈਂਬਰਾਂ ਨੂੰ ਜਿੰਦਗੀ ਭਰ ਲਈ ਆਮਦਨੀ ਦਾ ਟਿਕਾਊ ਮੱਹਤਵ ਦਿੰਦੇ ਹਨ।

### ਨਤੀਜੇ ਅਤੇ ਪ੍ਰਭਾਵ:-

2010 ਵਿੱਚ ਵਿਸ਼ਵ ਵਾਤਾਵਰਨ ਦਿਵਸ ਉੱਪਰ ਇਸ ਸੰਸਥਾ ਨੇ 20 ਸੂਬਿਆਂ ਵਿੱਚ 4.5 ਮਿਲੀਅਨ ਰੁੱਖ ਲਗਵਾਏ ਜਿਸ ਨਾਲ ਪੇਂਡੂ ਭਾਈਚਾਰੇ ਨੂੰ 370,000 ਦਿਨਾਂ ਦਾ ਰੁਜ਼ਗਾਰ ਮਿਲਿਆ। ਇਸ ਦੇ ਨਾਲ ਹੀ ਪੌਦ ਰੋਪਣ ਦੀ ਪ੍ਰਕ੍ਰਿਆ ਵਿੱਚ ਪਿੰਡ ਦੇ ਲੋਕਾਂ ਨੂੰ ਸ਼ਾਮਿਲ ਕਰਕੇ ਉਹਨਾਂ ਲਈ ਰੁਜ਼ਗਾਰ ਮੁੱਹਈਆ ਕਰਵਾਇਆ ਅਤੇ ਇਸ ਦੇ ਨਾਲ ਹੀ ਗੈਰ ਲੱਕੜੀ ਵਣ ਉਤਪਾਦ ਰਾਹੀ ਵੀ ਉਹਨਾਂ ਲਈ ਆਮਦਨੀ ਦਾ ਸਾਧਨ ਪੈਦਾ ਕੀਤਾ। ਪੌਦ ਰੋਪਣ ਦੀ ਪ੍ਰਕ੍ਰਿਆ ਵਿੱਚ ਸ਼ਾਮਿਲ ਇੱਕ ਮੈਂਬਰ ਦਾ ਕਹਿਣਾ ਹੈ, "ਜਦੋਂ ਮੇਰੇ ਬੱਚੇ ਵੀ ਮੈਨੂੰ ਛੱਡ ਜਾਣਗੇ ਉਦੋਂ ਵੀ ਇਹ ਰੁੱਖ ਮੇਰੇ ਨਾਲ ਰਹਿਣਗੇ ਹਮੇਸ਼ਾ ਲਈ ਅਤੇ ਮੇਰਾ ਅਤੇ ਮੇਰੀ ਪਤਨੀ ਦਾ ਸਾਡੇ ਬੁਢਾਪੇ ਵਿਚ ਧਿਆਨ ਰੱਖਣਗੇ।"

ਆਪਣੇ ਪ੍ਰੋਜੈਕਟ ਦੁਆਰਾ ਗ੍ਰੋ-ਗ੍ਰੀਨ ਰਾਜਸਥਾਨ ਅਤੇ ਗੁਜਰਾਤ ਦੇ ਸਿਰਜਨ ਪਿੰਡਾਂ ਵਿਚ ਪਾਣੀ ਮੁਹੱਈਆ ਕਰਵਾਉਣ ਵਿਚ ਸਫਲ ਰਿਹਾ ਹੈ। ਉਦਾਹਰਣ ਲਈ ਸਾਰਿਸਕਾ ਟਾਈਗਰ ਰਿਜ਼ਰਵ ਨੇੜਲੇ ਸਾਡੇ ਪੌਦ ਰੋਪਣ ਸਥਾਨ ਦੇ ਖੇਤਰ ਵਿੱਚ ਪਾਣੀ ਦਾ ਪੱਧਰ 400 ਫੁੱਟ ਦੇ ਮੁਕਾਬਲੇ 40 ਫੁੱਟ ਤੇ ਆ ਗਿਆ। ਜਦੋਂ ਪੌਦ ਰੋਪਣ ਦਾ ਸ਼ੁਰੂ ਕੀਤਾ ਗਿਆ ਸੀ ਉਦੋਂ ਇਹ 400 ਫੁੱਟ ਤੇ ਸੀ। ਪਿਛਲੇ 4 ਸਾਲਾਂ ਵਿਚ 4 ਲੱਖ ਤੋਂ ਵੱਧ ਰੁੱਖ ਲਗਾਏ ਗਏ ਹਨ ਜਿਸ ਨਾਲ ਨਾ ਸਿਰਫ ਸਥਾਨਕ ਸਮੁਦਾਇ ਨੂੰ ਫਾਇਦਾ ਹੋਇਆ ਬਲਕਿ ਟਾਈਗਰ ਦੇ ਆਵਾਸ ਵਿਚ ਵੀ ਸੁਧਾਰ ਆਇਆ।

ਲੱਖਾਂ ਲੋਕਾਂ ਦੀ ਜਿੰਦਗੀ ਵਿਚ ਸਕਾਰਾਤਮਕ ਬਦਲਾਅ ਲਿਆਉਣ ਤੋਂ ਬਾਅਦ ਗ੍ਰੋ-ਗ੍ਰੀਨ ਨੇ ਹਮੇਸ਼ਾ ਇਹ ਕੋਸ਼ਿਸ਼ ਕੀਤੀ ਹੈ ਕਿ ਇਸਦੇ ਪ੍ਰੋਜੈਕਟਾਂ ਰਾਹੀ ਲੋਕਾਂ ਨੂੰ ਵੱਧ ਤੋਂ ਵੱਧ ਲਾਭ ਮਿਲੇ। ਦੇਸ਼ ਦੇ ਅਵਕਿਆਸੇ ਹਿੱਸਿਆਂ ਵਿੱਚ ਵੱਡੇ ਪੱਧਰ ਤੋਂ ਪੌਦ ਰੋਪਣ ਸ਼ੁਰੂ ਕਰਕੇ ਇਹ ਉਹਨਾਂ ਲੋਕਾਂ ਤੱਕ ਪਹੁੰਚੀ ਜਿੰਨਾਂ ਨੂੰ ਹੁਣ ਤੱਕ ਨਜ਼ਰ-ਅੰਦਾਜ਼ ਕੀਤਾ ਜਾਂਦਾ ਸੀ। ਇਹ ਸੰਬੰਧਿਤ ਗਤੀਵਿਧੀਆਂ ਰਾਹੀ ਪੇਂਡੂ ਭਾਈਚਾਰੇ ਦੀ ਆਮਦਨੀ ਵਧਾਉਣ ਉੱਪਰ ਵੀ ਕੰਮ ਕਰ ਰਹੀ ਹੈ। ◆


**ਸੁਪ੍ਰਿਆ ਪਾਟਿਲ**
ਜੀ3, ਸਚਹਿਰਾਜਾਦੇ ਬਿਲਡਿੰਗ,
ਕੋਲਾਬਾ, ਮਹਾਰਾਸ਼ਟਰ - 400005
E-mail: supriya.patil@grow-trees.com
www.Grow-Trees.com



**Growing trees, strengthening livelihoods, protecting environment**
**LEISA India, December 2019**

# ਸਿਹਤਮੰਦ ਪੌਦੇ
## ਪੌਸ਼ਟਿਕਤਾ ਅਤੇ ਵਾਤਾਵਰਣੀ ਸਥਿਰਤਾ ਦਾ ਸਤੰਭ

***ਪ੍ਰਦੀਪ ਕੁਮਾਰ ਸਰਕਾਰ, ਐੱਮ.ਕੇ. ਡਾਕਰ, ਬਿਕਾਸ ਦਾਸ, ਪ੍ਰਿਆ ਰੰਜਨ ਕੁਮਾਰ, ਸੁਦਰਸ਼ਨ ਮੌਰਿਆ, ਐੱਸ.ਐੱਸ. ਮਾਲੀ, ਰੇਸ਼ਮ ਸ਼ਿੰਦੇ, ਜੇ.ਐੱਸ. ਚੌਧਰੀ, ਐੱਸ.ਕੇਏ ਨਾਇਕ, ਧਰਮਜੀਤ ਖੇਰਵਾਰ, ਅਮਿਤ ਚੱਕਰਬਰਤੀ, ਡੀ.ਕੇ. ਰਾਘਵ, ਏ.ਕੇ. ਸਿੰਘ ਅਤੇ ਬੀ.ਪੀ. ਭੱਟ***

**ਝਾਰਖੰਡ ਦੇ ਕਿਸਾਨ ਕੁਸ਼ਲ ਉਤਪਾਦ ਵਿਵਸਥਾ ਦੇ ਨਾਲ–ਨਾਲ ਖੇਤ ਦੇ ਟਿਕਾਊਪਣ/ਸਥਿਰਤਾ ਪ੍ਰਤਿ ਜ਼ਿਆਦਾ ਜਾਗਰੂਕ ਅਤੇ ਜ਼ਿੰਮੇਦਾਰ ਹੋ ਰਹੇ ਹਨ। ICAR ਵਿਗਿਆਨਕ ਦੇ ਸਹਿਯੋਗ ਨਾਲ ਫੁਸਰੀ ਪਿੰਡ ਦੇ ਕਿਸਾਨ ਖਤਮ ਹੋ ਚੁੱਕੀਆਂ ਖਦਾਨਾਂ ਦੀਆਂ ਜ਼ਮੀਨਾਂ ਨੂੰ ਉਤਪਾਦਨ ਖੇਤਾਂ ਵਿੱਚ ਬਦਲ ਕੇ ਕਈ ਲਾਭ ਲੈ ਰਹੇ ਹਨ।**



*ਮਿੱਟੀ ਸੰਵਰਧਨ ਲਈ ਬੇਲ ਦੇ ਪੌਦੇ ਦੇ ਚਾਰੇ ਪਾਸੇ ਬਨਤੌਰ ਨਾਲ ਮਲਚਿੰਗ ਕੀਤੀ ਜਾਂਦੀ ਹੈ।*

ਪੌਦੇ ਖੇਤੀ ਦਾ ਮੁੱਢਲਾ ਆਧਾਰ ਹੈ। ਖੇਤੀ ਵਿੱਚ ਸਾਰੀਆ ਗਤੀਵਿਧੀਆਂ ਪੌਦੇ ਦੁਆਲੇ ਹੀ ਘੁੰਮਦੀਆਂ ਹਨ। ਹਰ ਕੋਸ਼ਿਸ਼ ਦੇ ਨਤੀਜੇ ਵਜੋਂ ਇੱਕ ਸਿਹਤਮੰਦ ਅਤੇ ਉਤਪਾਦਨ ਪੌਦੇ ਦੀ ਉਮੀਦ ਕੀਤੀ ਜਾਂਦੀ ਹੈ ਫਿਰ ਚਾਹੇ ਮਸ਼ਰੂਮ ਹੋਵੇ ਜਾਂ ਅੰਬ ਦਾ ਰੁੱਖ। ਸੱਭਿਅਤਾ ਪੌਦਿਆਂ ਦੇ ਗੁਣਾਂ ਰਾਹੀ ਜਿਉਂਦੀ ਹੈ। ਸਾਡੀਆਂ ਵਿਭਿੰਨ ਲੋੜਾਂ ਵਿਭਿੰਨ ਤਰ੍ਹਾਂ ਦੇ ਪੌਦਿਆਂ ਜੋ ਕਿ ਸਾਡੇ ਆਲੇ-ਦੁਆਲੇ ਹਨ, ਰਾਹੀਂ ਪੂਰੀਆਂ ਹੁੰਦੀਆਂ ਹਨ।ਬਨਸਪਤੀ ਦੀ ਵਿਭਿੰਨਤਾ ਕਿਸੇ ਸਮਾਜ ਦੀ ਖੁਸ਼ਹਾਲੀ ਵਿੱਚ ਯੋਗਦਾਨ ਪਾਉਂਦੀ ਹੈ ਅਤੇ ਨਾਲ ਹੀ ਉਸ ਆਤਮ-ਨਿਰਭਰਤਾ ਨੂੰ ਨਿਰਧਾਰਿਤ ਕਰਦੀ ਹੈ ਜੋ ਇਹ ਪ੍ਰਾਪਤ ਕਰ ਸਕਦਾ ਹੈ। ਉਦਾਹਰਨ ਲਈ, ਮਿੱਟੀ ਵਿੱਚ ਜਿੰਨੇ ਅਲੱਗ-ਅਲੱਗ ਤਰ੍ਹਾਂ ਦੇ ਜੀਵਾਣੂ ਹੋਣਗੇ ਉਨੀਂ ਹੀ ਮਿੱਟੀ ਵਿੱਚ ਜੈਵਿਕ ਪ੍ਰਕ੍ਰਿਆ ਵਧ ਹੋਵੇਗੀ ਅਤੇ ਉਤਪਾਦਕਾ ਉੱਚ ਹੋਵੇਗੀ। ਸਾਡੇ ਕੋਲ ਮੌਜੂਦ ਉਤਪਾਦਾਂ ਦੀ ਵਿਭਿੰਨਤਾ ਸਾਡੇ ਪਰਿਸਥਿਤਕੀ ਤੰਤਰ ਵਿੱਚ ਬਨਸਪਤੀ ਅਤੇ ਜੀਵਾਂ ਦੀ ਵਿਭਿੰਨਤਾ ਦੇ ਸਿੱਧੇ ਅਨੁਪਾਤਿਕ ਹੈ।

ਬਨਸਪਤੀ ਵਿਭਿੰਨਤਾ ਅਤੇ ਉਸ ਤੋਂ ਮਿਲਣ ਵਾਲੇ ਉਤਪਾਦਾਂ ਉੱਪਰ ਸੰਸਾਰ ਭਰ ਦੇ ਵਨਵਾਸੀਆਂ ਅਤੇ ਗ੍ਰਾਮੀਣ ਸਮੂਦਾਇਆਂ ਦੀ ਜ਼ਿੰਦਗੀ ਨਿਰਭਰ ਕਰਦੀ ਹੈ। ਕਿਸਾਨਾਂ ਦੁਆਰਾ ਬਣਾਈਆਂ ਘਰੇਲੂ ਬਗੀਚੀਆਂ ਵਿਭਿੰਨਤਾ ਨੂੰ ਬਚਾਉਣ ਲਈ ਇੱਕ ਹਾਂਡੀ ਵਾਂਗ ਕੰਮ ਕਰਦੀਆਂ ਹਨ। ਘਰੇਲੂ ਬਗੀਚੀ ਉਹਨਾਂ ਗਰੀਬ ਪਿੰਡ ਵਾਸੀਆਂ ਲਈ ਪੌਸ਼ਟਿਕਤਾ ਦੀ ਸੁੱਰਖਿਆ ਦਾ ਮੱਹਤਵਪੂਰਨ ਸ੍ਰੋਤ ਹਨ ਜੋ ਬਾਜ਼ਾਰ ਤੋਂ ਫਲ ਨਹੀਂ ਖਰੀਦ ਸਕਦੇ। ਗ੍ਰਾਮੀਣ ਇਲਾਕਿਆਂ ਵਿੱਚ ਰੁਜ਼ਗਾਰ ਪੈਦਾ ਕਰਨ ਤੋਂ ਇਲਾਵਾ ਇਹ ਖੇਤੀ ਆਧਾਰਿਤ ਅਰਥ-ਵਿਵਸਥਾ ਵਿੱਚ ਮੱਹਤਵਪੂਰਨ ਸਥਾਨ ਰੱਖਦੇ ਹਨ।

ਗ੍ਰਾਮੀਣ ਇਲਾਕਿਆਂ ਵਿੱਚ ਮਹਿਲਾਵਾਂ ਆਪਣੇ ਸਮਾਜਿਕ - ਆਰਥਿਕ ਵਾਤਾਵਰਣ ਵਿੱਚ ਮੌਜੂਦ ਸੀਮਿਤ ਸਾਧਨਾਂ ਰਾਹੀ ਆਪਣੀ ਆਮਦਨੀ ਵਧਾਉਣ ਲਈ ਸੰਘਰਸ਼ ਕਰ ਰਹੀਆਂ ਹਨ। ਉਹ ਗੈਰ-ਰਸਾਇਣਿਕ ਤਰੀਕਿਆਂ ਨੂੰ ਅਪਣਾ ਰਹੀਆਂ ਹਨ। ਉਦਾਹਰਣ ਦੇ ਲਈ ਝਾਰਖੰਡ ਦੇ ਗੁਮਲਾ ਜਿਲ੍ਹੇ ਦੇ ਪਾਲਕੋਟ ਬਲਾਕ ਦੀਆਂ ਮਹਿਲਾਵਾਂ ਨੇ ਫਸਲ ਸੰਰਖਿਅਣ ਲਈ ਦੇਸੀ ਅਤੇ ਜੈਵਿਕ ਤਰੀਕੇ ਵਰਤ ਕੇ ਇੱਕ ਅਨੁਕਸ਼ੀ ਉਦਾਹਰਨ ਪੇਸ਼ ਕੀਤਾ ਹੈ। ਸਾਲ 2012 ਤੋਂ, ਅੰਬ ਦੇ ਬਾਗਾਂ ਵਿੱਚ ਫਰੂਟ ਫਲਾਈ ਨੂੰ ਕੰਟਰੋਲ ਕਰਨ ਲਈ ਜ਼ਹਿਰੀਲੇ ਕੀਟਨਾਸ਼ਕ ਵਰਤਣ ਦੀ ਜਗ੍ਹਾ ਵਿਕਸਿਤ ਹੁੰਦੇ ਫਲਾਂ ਨੂੰ ਪੇਪਰ ਕਵਰ ਨਾਲ ਢੱਕ ਕੇ ਅਤੇ ਫੈਰੋਮੇਨ ਟ੍ਰੈਪ ਇਸਤੇਮਾਲ ਕਰਨ ਜਿਹੇ ਤਰੀਕੇ ਵਰਤ ਕੇ ਸਫਲਤਾਪੂਰਵਕ ਫਰੂਟ ਫਲਾਈ ਨੂੰ ਕੰਟਰੋਲ ਕੀਤਾ ਗਿਆ। ਇਹ ਤਕਨੀਕ ਅੰਬ ਦੇ 1000 ਹੈਕਟੇਅਰ ਦੇ ਬਾਗਾਂ ਵਿਚ ਅਪਣਾਈ ਗਈ ਹੈ।



*ਗੁਮਲਾ ਜ਼ਿਲ੍ਹੇ ਵਿੱਚ ਅੰਬ ਦੇ ਫਲ ਨੂੰ ਪੇਪਰ ਕਵਰ ਨਾਲ ਢੱਕ ਕੇ ਫਰੂਟ ਫਲਾਈ ਤੋਂ ਬਚਾਇਆ ਜਾਂਦਾ ਹੈ।*

**ਖਦਾਨਾਂ ਵਾਲੀਆਂ ਜ਼ਮੀਨਾਂ ਤੋਂ ਖੇਤੀ ਦੀਆਂ ਉਤਪਾਦਕ ਜ਼ਮੀਨਾਂ ਤੱਕ:-**

ਝਾਰਖੰਡ ਸੂਬੇ ਵਿਚ 180 ਤੋਂ ਜ਼ਿਆਦਾ ਕੋਲੇ ਦੀਆਂ ਖਦਾਨਾਂ ਹਨ। ਮਾਈਨਿੰਗ ਦੇ ਸਾਲਾਂ ਬਾਅਦ ਜ਼ਮੀਨ ਕਿਸੇ ਆਮ ਵਰਤੋਂ ਅਤੇ ਖਾਸ ਕਰਕੇ ਖੇਤੀ ਦੀ ਵਰਤੋਂ ਲਾਇਕ ਤਾਂ ਬਿਲਕੁਲ ਵੀ ਨਹੀਂ ਰਹਿ ਜਾਂਦੀ। ਇੱਥੇ ਹਜ਼ਾਰਾਂ ਹੈਕਟੇਅਰ ਦੀ ਜ਼ਮੀਨ ਪੁਨਰਜੀਵਿਤ ਹੋਣ ਦੇ ਇੰਤਜ਼ਾਰ ਵਿੱਚ ਹੈ।

ਫੁਸਰੀ ਝਾਰਖੰਡ ਵਿੱਚ ਮਾਂਡੂ, ਰਾਮਗੜ੍ਹ ਨੇੜੇ ਸਥਿਤ ਇੱਕ ਬਨਵਾਸੀ ਪਿੰਡ ਹੈ। ਕੱਚੇ ਕੋਲੇ ਦੀ ਖੁਦਾਈ ਅਤੇ ਵਿਕਰੀ ਹੈ। ਇੱਥੋਂ ਦੇ ਗ੍ਰਾਮੀਣਾਂ ਦੀ ਰੋਜ਼ੀ-ਰੋਟੀ ਦਾ ਇੱਕ ਮਾਤਰ ਸਾਧਨ ਹੈ। ਜੋ ਜ਼ਮੀਨ ਉਹਨਾਂ ਕੋਲ ਹੈ, ਉਸ ਉੱਪਰ ਉਹ ਖਰੀਫ਼ ਦੇ ਸੀਜ਼ਨ ਵਿੱਚ ਵਰਖਾ ਆਧਾਰਿਤ ਝੋਨੇ ਦੀ ਖੇਤੀ ਕਰਦੇ ਹਨ। ਖਨਜ਼ ਤੋਂ ਬਾਅਦ ਬਣੇ ਖੱਡਿਆਂ ਵਿੱਚ, ਜੋ ਕਿ ਛੱਡ ਦਿੱਤੇ ਗਏ ਹਨ। ਮਾਨਸੂਨ ਦੌਰਾਨ ਪਾਣੀ ਇੱਕਠਾ ਹੋ ਜਾਂਦਾ ਹੈ ਜਿਸਨੂੰ ਨਹਾਉਣ ਅਤੇ ਕੱਪੜੇ ਧੋਣ ਤੋਂ ਇਲਾਵਾ ਕੁੱਝ 6ਸਾਲਾਂ ਦੀ ਸਿੰਚਾਈ ਲਈ ਵਰਤਿਆ ਜਾਂਦਾ ਹੈ। ਮਾਰਚ ਤੋਂ ਬਾਅਦ ਇਹ ਖੱਡੇ ਸੁੱਕ ਜਾਂਦੇ ਹਨ। ਪਿੰਡ ਵਿੱਚ ਰੁੱਖ ਬੜੇ ਹੀ ਘੱਟ ਹਨ। ਬਲਕਿ ਅੰਬ, ਅਮਰੂਦ, ਮਰੂਆ ਅਤੇ ਸਾਲ ਦਾ ਸਿਰਫ਼ ਇੱਕ-ਇੱਕ ਰੁੱਖ ਪਿੰਡ ਵਿੱਚ ਸੀ।

ਇਹਨਾਂ ਜ਼ਮੀਨਾਂ ਨੂੰ ਸੁਧਾਰਨ ਦੇ ਉਦੇਸ਼ ਨਾਲ ICAR, ਪੂਰਬੀ ਖੇਤਰ ਲਈ ਖੋਜ ਕੇਂਦਰ, ਪਹਾੜੀ ਅਤੇ ਪਚਾਰ ਖੇਤਰ ਲਈ ਖੇਤੀ ਪ੍ਰਣਾਲੀ ਖੋਜ਼ ਕੇਂਦਰ, ਪਲਾਡੂ, ਰਾਂਚੀ ਨੇ 2014 ਤੋਂ ਹੀ ਫੁਸਰੀ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਮਿੱਟੀ ਦੀ ਖਰਾਬ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ ਮਿੱਟੀ ਅਤੇ ਪਾਣੀ ਬਚਾਉਣ ਦੇ ਤਰੀਕਿਆਂ ਜਿਵੇਂ ਮਲਚਿੰਗ ਚੰਦਰਮਾਂ ਦੀਆਂ ਅਵਸਥਾਵਾਂ ਨੂੰ ਟ੍ਰੈਕ ਕਰਨਾ ਆਦਿ ਉੱਪਰ ਕੰਮ ਕੀਤਾ ਗਿਆ। ਪੂਰੇ ਚੰਦਰਮਾਂ ਅਤੇ ਅੱਧ ਚੰਦਰਮਾਂ ਦੀਆਂ ਸਥਿਤੀਆਂ ਨੂੰ ਪੂਰਾ ਟ੍ਰੈਕ ਕਰਕੇ ਉਸ ਆਧਾਰ ਤੇ ਮਿੱਟੀ ਵਿੱਚ ਨਮੀਂ ਦੀ ਸਥਿਤੀ ਦਾ ਨਿਰੀਖਣ ਕੀਤਾ ਗਿਆ ਤਾਂ ਕਿ ਪੂਰੀ ਗਰਮੀ ਵਿੱਚ ਸਿੰਚਾਈ ਦੀ ਜਰੂਰਤ ਦਾ ਅੰਦਾਜ਼ਾ ਲਗਾਇਆ ਜਾ ਸਕੇ। ਪ੍ਰੋਜੈਕਟ ਦੀ ਸ਼ੁਰੂਆਤ ਵਿੱਚ ਇਹ ਪਾਇਆ ਗਿਆ ਕਿ ਸਿੰਚਾਈ ਦੇ 24 ਘੰਟਿਆ ਬਾਅਦ ਮਿੱਟੀ ਦੀ ਨਮੀਂ ਲਗਭਗ 6 ਤੋਂ 8 % ਘੱਟ ਗਈ ਅਤੇ ਫਿਰ ਹੌਲੀ-ਹੌਲੀ ਕੁੱਝ ਹਫ਼ਤਿਆਂ ਵਿੱਚ ਖਤਮ ਹੋ ਗਈ। 2018 ਤੱਕ ਮਿੱਟੀ ਦੀ ਨਮੀਂ ਬਣਾਏ ਰੱਖਣ ਦੀ ਸਮਰੱਥਾ ਵਿੱਚ ਅੱਛਾ-ਖਾਸਾ ਵਾਧਾ ਹੋਇਆ। ਮਿੱਟੀ ਦੀ ਨਮੀਂ 6 ਤੋਂ 8 % ਘੱਟਣ ਵਿੱਚ 72 ਘੰਟੇ ਦਾ ਸਮਾਂ ਲੱਗਿਆ। ਇਸਦਾ ਕਾਰਨ ਫਸਲ ਦੀ ਰਹਿੰਦ-ਖੂੰਹਦ ਨੂੰ ਖੇਤ ਵਿੱਚ ਸੜਾਉਣਾ, ਸੂਖਮਜੀਵਾਂ ਦੀ ਵਧੀ ਗਿਣਤੀ ਅਤੇ ਗਤੀਵਿਧੀਆਂ ਮੰਨਿਆ ਜਾ ਸਕਦਾ ਹੈ। ਮਿੱਟੀ ਦੀ ਸੋਕ ਘਣਤਾ 2.3 ਗ੍ਰਾਮ ਸੇ.ਮੀ. - 3 ਗ੍ਰਾਮ ਸੇ.ਮੀ. ਤੋਂ ਘੱਟ ਕੇ 1.1 ਗ੍ਰਾਮ ਸੇ.ਮੀ. ਹੋ ਗਈ ਹੈ। ਜਦੋ ਕਿ ਜੈਵਿਕ ਮਾਦੇ ਵਿੱਚ 0.23% ਤੋਂ 0.58% ਤੱਕ ਦਾ ਵਾਧਾ ਹੋਇਆ ਹੈ। ਮਿੱਟੀ ਦੇ ਪੀ.ਐਚ. ਅਤੇ ਈ.ਸੀ. ਪੱਧਰ ਵਿੱਚ ਵੀ ਵਾਧਾ ਹੋਇਆ ਹੈ।

**ਰੁੱਖਾਂ ਦੀ ਬਿਜਾਈ ਵਿੱਚ ਵਾਧਾ:-**

ਪਿੰਡ ਵਿੱਚ ਖਮਨ ਪ੍ਰਭਾਵਿਤ ਖੇਤਰਾਂ ਵਿੱਚ ਐਗਰੀ-ਹੋਰਟੀ-ਸਿਲਵੀ ਪਾਸਚਰਨ ਮਾਡਲ ਵਿਕਸਿਤ ਕੀਤਾ ਗਿਆ ਹੈ। ਇਸ ਵਿੱਚ ਬੇਲ ਪੱਤਰ, ਕਟਹਲ, ਨਿੰਬੂ, ਕਾਲੀ ਟਾਹਲੀ, ਅੰਬ, ਬ੍ਰਕੈਨ, ਕਰੰਜ, ਅਮਰੂਦ, ਅਨਾਰ, ਮਹੋਗਲੀ, ਸਾਗਵਾਨ ਆਦਿ ਦੀ ਬਿਜਾਈ ਕੀਤੀ ਗਈ। ਬਾਂਸ ਨੂੰ ਪੌਸ਼ਟਿਕ ਤੱਤਾਂ ਦੀ ਪੂਰਤੀ ਅਤੇ ਚਾਰੇ ਦੀ ਲੋੜ ਪੂਰੀ ਕਰਨ ਲਈ ਸ਼ਾਮਿਲ ਕੀਤਾ ਗਿਆ।

ਫਲਾਂ ਦੇ ਰੁੱਖ ਜਿਵੇਂ ਅੰਬ, ਅਮਰੂਦ, ਨਿੰਬੂ, ਬੇਲ, ਜੰਗਲੀ ਰੁੱਖਾਂ ਜਿਵੇਂ ਬ੍ਰਕੈਨ, ਮਹਾਗੋਲੀ ਅਤੇ ਟਾਹਲੀ ਦੇ ਮੁਕਾਬਲੇ ਜੈਵਿਕ ਅਤੇ ਅਜੈਵਿਕ ਤਣਾਅ ਪ੍ਰਤੀ ਜ਼ਿਆਦਾ ਸੰਵੇਦਨਸ਼ੀਲ ਹੁੰਦੇ ਹਨ। ਜਲਵਾਯੂ ਪਰਿਵਰਤਣ ਕਰਕੇ ਕੀਟਾਂ ਦੇ ਹਮਲੇ ਅਤੇ ਬਿਮਾਰੀਆਂ ਵਿੱਚ ਵਾਧਾ ਹੋਇਆ ਹੈ। ਮਲਚਿੰਗ, ਟ੍ਰੇਨਿੰਗ ਰਾਹੀ ਪੌਦਿਆਂ ਦੀ ਮਰਨ ਦੀ ਦਰ ਨੂੰ ਘੱਟ ਕੀਤਾ ਗਿਆ। ਉਦਾਹਰਣ ਲਈ ਜ਼ਿਆਦਾ ਖੁਸ਼ਕ ਮੌਸਮ ਦੌਰਾਨ, ਖਮਨ ਵਾਲੀ ਜ਼ਮੀਨ ਉੱਪਰ ਉਗਾਏ ਗਏ ਰੁੱਖ



ਨਮੀਂ ਵਾਲੀ ਜ਼ਮੀਨ ਵਾਲੇ ਰੁੱਖਾਂ ਦੀ ਤੁਲਨਾ ਵਿੱਚ ਅਲੱਗ ਪ੍ਰਤੀਕ੍ਰਿਆ ਦਿੰਦੇ ਹਨ। ਇਸ ਲਈ ਵਿਭਿੰਨ ਕਿਸਮਾਂ ਲਈ ਅੱਲਗ-ਅੱਲਗ ਤਰੀਕੇ ਅਪਣਾਉਣੇ ਪੈਂਦੇ ਹਨ।

**ਸ਼ਬਜੀਆਂ ਦੀ ਬਿਜਾਈ:-**

ਪੌਸ਼ਟਿਕਤਾ ਅਤੇ ਕਿਸਾਨਾਂ ਦੀ ਆਮਦਨੀ ਵਧਾਉਣ ਦੇ ਉਦੇਸ਼ ਨਾਲ ਪ੍ਰੋਜੈਕਟ ਵੱਲੋਂ ਸ਼ਬਜੀਆਂ ਦੀ ਬਿਜਾਈ ਨੂੰ ਪ੍ਰੋਤਸਾਹਿਤ ਕੀਤਾ ਗਿਆ ਹੈ। ਇਸ ਤੋਂ ਪਹਿਲਾ ਪਿੰਡ ਵਾਲੇ ਸ਼ਬਜੀਆਂ ਨਹੀਂ ਉਗਾ ਰਹੇ ਸਨ। ਇਸਦੇ ਲਈ ਬਹੁਤ ਸਾਰੀਆਂ ਟ੍ਰੇਨਿੰਗਾਂ ਕਰਵਾਈਆਂ ਗਈਆਂ ਜਿੰਨਾਂ ਵਿੱਚ ਮਿੱਟੀ ਅਤੇ ਪਾਣੀ ਦੀ ਸੰਭਾਲ ਨਾਲ ਸੰਬੰਧਿਤ ਤਰੀਕਿਆਂ, ਪਨੀਰੀ ਤਿਆਰ ਕਰਨਾ, ਬਿਜਾਈ ਦੇ ਤਰੀਕਿਆਂ, ਛਾਂਟ-ਛਟਾਈ, ਗੁਡਾਈ, ਮਲਚਿੰਗ, ਪੌਦਿਆਂ ਦੀ ਸੁਰੱਖਿਆ ਉੱਪਰ ਵਿਚਾਰ-ਵਟਾਂਦਰਾ ਕੀਤਾ ਗਿਆ। ਇਹ ਟ੍ਰੇਨਿੰਗਾਂ 2016-17 ਵਿੱਚ ਆਈ.ਸੀ.ਏ.ਆਰ.-ਆਰ.ਸੀ.ਟੀ.ਆਰ. ਦੇ ਮਾਹਿਰਾਂ ਦੁਆਰਾ ਕੇ.ਵੀ.ਕੇ. ਮਾਂਡੂ ਵਿਖੇ ਦਿੱਤੀਆਂ ਗਈਆ।

ਵਿਭਿੰਨ ਕਿਸਮਾਂ ਦੇ ਬੀਜ ਕਿਸਾਨਾਂ ਨੂੰ ਦਿੱਤੇ ਗਏ। ਉਦਾਹਰਨ ਲਈ, ਟਮਾਟਰ ਦੀਆਂ ਸਵਰਨ ਵਾਲੀਆਂ ਹਾਈਬ੍ਰਿਡ ਸਵਰਨ ਸੰਪਦਾ, ਬੈਂਗਣ ਦੀਆਂ ਸਵਰਨ ਮਿਆਗਲੀ ਕਰੇਲੇ ਦੀ ਸਵਰਨਾ ਯਾਮਿਨੀ, ਸਪੰਜ ਗਾਰਡ ਦੀ ਸਵਰਨ ਪ੍ਰਭਾ, ਤਰਬੂਜ ਦੀ ਅਰਕਾਮਾਰਕ ਪ੍ਰਮੁੱਖ ਸਨ। ਇਹਨਾਂ ਵਿੱਚੋਂ ਜ਼ਿਆਦਾਤਰ ਕਿਸਮਾਂ ਆਈ.ਸੀ.ਏ.ਆਰ. - ਆਰ.ਸੀ.ਈ.ਆਰ. ਦੁਆਰਾ ਵਿਕਸਿਤ

**ਵਿਭਿੰਨਤਾ ਟਿਕਾਊਪਣ ਦਾ ਇੰਜਣ ਹੈ।**



**ਕੋਲੇ ਦੀ ਖਦਾਨਾਂ ਦਾ ਖੇਤ ਅਤੇ ਜੰਗਲਾਂ ਉੱਤੇ ਅਸਰ**

ਕੀਤੀਆਂ ਗਈਆ ਹਨ। ਸ਼ਬਜੀਆਂ ਦੀ ਖੇਤੀ ਖੇਤ ਦੇ ਨਾਲ-ਨਾਲ ਘਰ ਦੀ ਬਗੀਚੀ ਵਿੱਚ ਵੀ ਕੀਤੀ ਜਾ ਰਹੀ ਹੈ। 2018-19 ਦੌਰਾਨ ਟਮਾਟਰ, ਮਿਰਚ, ਬੈਂਗਣ, ਗੋਭੀ, ਬੰਦਗੋਬੀ, ਫਲੀਆਂ, ਭਿੰਡੀ, ਆਲੂ ਸ਼ਬਜੀਆਂ ਅਤੇ ਖੇਤ ਵਿੱਚ ਅਰਹਰ ਚੌਲੇ ਅਤੇ ਸਰੋਂ ਉਗਾਏ ਗਏ।

**ਨਤੀਜੇ ਅਤੇ ਪ੍ਰਭਾਵ:-**

ਬੰਜ਼ਰ ਜ਼ਮੀਨ ਦੇ ਵੱਡੇ ਟੁਕੜੇ ਖੇਤੀ ਅਧੀਨ ਲਿਆਂਦੇ ਗਏ। ਖ਼ਰੀਫ 2019 ਵਿੱਚ ਪਹਿਲੀ ਵਾਰ ਖਨਟ ਵਾਲੀਆਂ ਜ਼ਮੀਨਾਂ ਝੋਨੇ ਦੀਆਂ ਨਰਸਰੀਆਂ ਤਿਆਰ ਕਰਨ ਲਈ ਵਰਤੀਆਂ ਗਈਆਂ। ਜਿੰਨਾਂ ਨੂੰ ਬਾਅਦ ਵਿੱਚ ਵਰਖਾ ਆਧਾਰਿਤ ਨੀਵੇਂ ਇਲਾਕਿਆਂ ਵਿੱਚ ਟਰਾਂਸਪਲਾਂਟ ਕੀਤਾ ਗਿਆ। ਕਿਸਾਨ ਹੁਣ ਫਲ, ਸ਼ਬਜੀਆਂ, ਅਨਾਜ, ਈਂਧਨ ਲਈ ਲੱਕੜੀ, ਰੁੱਖ ਆਦਿ ਉਗਾ ਰਹੇ ਹਨ। ਇਹ ਸਭ ਫਲ ਆਮਦਨੀ, ਪੋਸ਼ਣ, ਚਾਰੇ ਦੀ ਉਪਲਬੱਧਤਾ ਅਤੇ ਰੁਜ਼ਗਾਰ ਦੇ ਵਧੀਆ ਮੌਕੇ ਆਦਿ ਦੇ ਰੂਪ ਵਿੱਚ ਸਾਰੇ ਲਾਭ ਮਿਲੇ।

ਕਿਸਾਨਾਂ ਨੂੰ ਵਰਖਾ ਸੀਜ਼ਨ ਆਧਾਰਿਤ ਫਸਲਾਂ (ਜਿਵੇਂ ਟਮਾਟਰ, ਮਿਰਚ ਅਤੇ ਖੀਰੇ) ਤੋਂ 42,683 ਰੁਪਏ ਪ੍ਰਤੀ ਹੈਕਟੇਅਰ ਅਤੇ ਸਰਦੀਆਂ ਦੀ ਫਸਲਾਂ (ਰਾਈ, ਮੂੰਗਫਲੀ, ਛੋਲੇ, ਅਰਹਰ, ਗੋਭੀ, ਬੰਦ ਗੋਭੀ ਅਤੇ ਆਲੂ) ਤੋਂ 18,293 ਰੁਪਏ ਪ੍ਰਤਿ ਹੈਕਟੇਅਰ ਦੀ ਸ਼ੁੱਧ ਆਮਦਨ ਹੋਈ। ਸਰਵੇ ਤੋਂ ਸਾਹਮਣੇ ਆਇਆ ਕਿ ਸ਼ਬਜੀਆਂ ਦਾ 60.25% ਅਤੇ ਫਲਾਂ ਦਾ 22.34% ਬਾਜ਼ਾਰ ਵਿੱਚ ਵੇਚਿਆ ਗਿਆ। ਸਰੋਂ ਦੀ ਸਾਰੀ ਫਸਲ ਬਾਜ਼ਾਰ ਵਿੱਚ ਵੇਚੀ ਗਈ। ਕਿਸਾਨਾਂ ਨੂੰ ਲੋਬੀਆ ਦੀ ਫਸਲ ਵੀ ਵੇਚਣਯੋਗ ਮਿਲ ਗਈ।

ਸਮੁਦਾਇ ਦੀ ਪੋਸ਼ਣ ਸਥਿਤੀ ਉੱਪਰ ਪ੍ਰਭਾਵ ਸਪੱਸ਼ਟ ਅਤੇ ਮੂਰਤ ਸੀ। ਪਰਿਵਾਰਾਂ ਵਿੱਚ (4ਮੈਂਬਰੀ) ਸਬਜ਼ੀ ਦੀ ਖੇਤੀ ਕਾਰਨ ਸਬਜ਼ੀ ਦੀ ਖਪਤ ਵਿੱਚ 30 % ਦਾ ਵਾਧਾ ਹੋਇਆ।ਇਸ ਦੇ ਨਾਲ ਹੀ ਅਰਹਰ ਦੀ ਫਸਲ ਘਰ ਵਿੱਚ ਹੀ ਵਰਤੀ ਗਈ ਜਿਸ ਨਾਲ ਉਹਨਾਂ ਦੇ ਪ੍ਰੋਟੀਨ ਦੀ ਖਪਤ ਵਿੱਚ ਵਾਧਾ ਹੋਇਆ।

ਇਸ ਜ਼ਮੀਨ ਨੇ ਪਸ਼ੂਆਂ ਲਈ ਚਾਰਾ ਵੀ ਪ੍ਰਦਾਨ ਕੀਤਾ। ਚਾਰੇ ਦੀ ਬਿਜਾਈ ਦਾ ਸਭ ਤੋਂ ਵੱਧ ਪਸ਼ੂ ਪਾਲਣ ਵਾਲੇ ਕਿਸਾਨਾਂ ਨੂੰ ਹੋਇਆ ਕਿਉਂਕਿ ਉਹਨਾਂ ਨੇ ਪਸ਼ੂ ਗਾਂ, ਮੱਝ, ਬੱਕਰੀ ਜ਼ਿਆਦਾਤਰ ਖੁੱਲੇ ਵਿੱਚ ਹੀ ਚਰਨ ਜਾਂਦੇ ਸਨ। ਬ੍ਰਕੈਨ ਨੂੰ ਅੰਤਰ-ਫਸਲੀ ਰੂਪ ਵਿੱਚ ਖੇਤ ਵਿੱਚ ਉਗਾਇਆ ਗਿਆ ਕੰਸ਼ ਘਾਹ ਫਲਾਂ ਦੇ ਦਰਖੱਤਾਂ ਅਤੇ ਜੰਗਲੀ ਰੁੱਖਾਂ ਦੀਆਂ ਪ੍ਰਜਾਤੀਆਂ ਵਿਚਕਾਰ ਉਗਾਇਆ ਗਿਆ। ਭੂਮੀ ਸੁਧਾ ਜਿਸ ਦੇ ਕਈ ਫਾਇਦੇ ਹਨ, ਹਰੀ ਖਾਦ, ਚਾਰੇ ਅਤੇ ਖੇਤ ਦੀ ਚਾਰ ਦੀਵਾਰੀ ਲਈ ਉਗਾਇਆ ਗਿਆ। ਚਾਰੇ ਦੀਆਂ ਇਹਨਾਂ ਫਸਲਾਂ ਤੋਂ 628.05 ਕਿਲੋ ਪ੍ਰਤਿ ਹੈਕਟੇਅਰ ਉਤਪਾਦਨ ਹੋਇਆ। ਹਰਾ ਚਾਰਾ, ਚਾਰੇ ਦੇ ਨਾਲ ਨਾਲ ਪਸ਼ੂਆਂ ਅਤੇ ਬੱਕਰੀਆਂ ਨੂੰ ਵਿਟਾਮਨ, ਪ੍ਰੋਟੀਨ ਅਤੇ ਖਣਿਜ ਪੋਸ਼ਕ ਤੱਤਾਂ ਦੀ ਪੂਰਤੀ ਕਰਦੇ ਹਨ।

**ਬਾਕਸ 1: ਸਫਲਤਾ ਦੀ ਕਹਾਣੀ**

ਸ਼੍ਰੀ ਸੁਨੀਲ ਮੁਰਮੁ ਇੱਕ ਛੋਟੇ ਕਿਸਾਨ ਹਨ ਜਿਨ੍ਹਾਂ ਨੂੰ ਇਸ ਪ੍ਰੋਜੈਕਟ ਤੋਂ ਬਹੁਤ ਲਾਭ ਹੋਇਆ। ਉਹ ਆਪਣੇ ਖੇਤ ਵਿੱਚ ਅਲੱਗ-ਅਲੱਗ ਤਰ੍ਹਾਂ ਦੇ ਫਲ, ਸਬਜ਼ੀਆਂ ਅਤੇ ਚਾਹ ਦੀਆਂ ਫਸਲਾਂ ਉਗਾਉਂਦੇ ਹਨ। ਤੀਸਰੇ ਅਤੇ ਚੌਥੇ ਸਾਲ ਤੋਂ ਹੀ ਪਰਿਵਾਰ ਨੂੰ ਅਸੀ - ਖਾਸੀ ਮਾਤਰਾ ਦੇ ਵਿੱਚ ਫਲਾਂ ਅਤੇ ਸਬਜ਼ੀਆਂ ਦੀ ਪ੍ਰਾਪਤੀ ਹੋਣ ਲਗੀ ਅਤੇ ਇਸਦੇ ਨਾਲ ਹੀ ਪਸ਼ੂਆਂ ਦੇ ਲਈ ਚਾਰਾ ਅਤੇ ਪੌਦਿਆਂ ਦੀ ਟਹਿਣੀਆਂ ਦੀ ਛਟਾਂਈ ਤੋਂ ਉਹਨਾਂ ਨੂੰ ਈਂਧਨ ਮਿਲਣ ਲੱਗਾ। 0.82 ਹੈਕਟੇਅਰ ਦੇ ਖੇਤ ਤੋਂ ਪਰਿਵਾਰ ਨੇ ਫਲ ਜਿਵੇਂ ਅੰਬ, ਅਮਰੂਦ, ਅਨਾਰ ਅਤੇ ਨਿੰਬੂ ਆਦਿ ਦੀ ਫਸਲ ਲਈ ਲਗਭਗ ਸਭ ਕੁੱਝ ਘਰ ਵਿੱਚ ਹੀ ਵਰਤਿਆ ਗਿਆ।

2018-19 ਦੇ ਸਾਲ ਵਿੱਚ ਬਾਰਿਸ਼ ਦੇ ਮੌਸਮ ਦੌਰਾਨ ਸਬਜ਼ੀਆਂ ਦੀ ਬੀਜਾਈ ਤੋਂ 40,000 ਰੁਪਏ ਪ੍ਰਤੀ ਹੈਕਟੇਅਰ ਦੇ ਹਿਸਾਬ ਨਾਲ ਸ਼ੁੱਧ ਲਾਭ ਪ੍ਰਾਪਤ ਹੋਇਆ। ਸਰਦੀਆਂ ਦੇ ਮੌਸਮ ਵਿੱਚ ਸੁਨੀਲ ਨੂੰ ਪ੍ਰਤੀ ਹੈਕਟੇਅਰ 18,000 ਰੁਪਏ ਤੋਂ ਵੱਧ ਦੀ ਆਮਦਨ ਹੋਈ। ਇਸ ਦੌਰਾਨ ਉਸਨੇ ਸਰੋਂ, ਮੂੰਗਫਲੀ, ਅਰਹਰ, ਗੋਭੀ ਅਤੇ ਆਲੂ ਦੀਆਂ ਫਸਲਾਂ ਉਗਾਈਆਂ।

ਸ਼੍ਰੀਮਾਨ ਸੁਨੀਲ ਮੁਰਮੁ ਨੇ ਆਪਣੀ ਬਾਕੀ ਜ਼ਮੀਨ ਉੱਪਰ ਵੀ ਕਈ ਤਰ੍ਹਾਂ ਦੀਆਂ ਫਸਲਾਂ ਉਗਾਉਣੀਆਂ ਸ਼ੁਰੂ ਕੀਤੀਆਂ ਅਤੇ ਉਸਨੇ ਦੂਸਰੇ ਕਿਸਾਨਾਂ ਨੂੰ ਵੀ ਫਸਲ ਅਤੇ ਰੁੱਖਾਂ ਦੀ ਖੇਤੀ ਕਰਨ ਲਈ ਪ੍ਰੋਤਸ਼ਾਹਿਤ ਕੀਤਾ। ਹੌਲੀ-ਹੌਲੀ ਉਸਦੇ ਖੇਤ ਨੂੰ ਦੇਖ ਕੇ ਬਾਕੀ ਲੋਕ ਵੀ ਪ੍ਰੋਤਸ਼ਾਹਿਤ ਹੋਏ। ਹੁਣ ਉਹ ਪਿੰਡ ਦੇ ਨੌਜਵਾਨਾਂ ਅਤੇ ਉਸ ਖੇਤਰ ਵਿੱਚ ਇੱਕ ਰੋਲ ਮਾਡਲ ਬਣ ਚੁੱਕਿਆ ਹੈ। ਉਸਦੇ ਇਸ ਉੱਤਮ ਕੰਮ ਨੂੰ ਦੇਖਦੇ ਹੋਏ 22 ਫਰਵਰੀ 2018 ਨੂੰ ਕੇਂਦਰੀ ਖੇਤੀਬਾੜੀ ਮੰਤਰੀ ਸ਼੍ਰੀ ਰਾਧਾ ਮੋਹਣ ਸਿੰਘ ਨੇ ਸਭ ਤੋਂ ਉੱਤਮ ਕਿਸਾਨ ਦਾ ਅਵਾਰਡ ਨਾਲ ਉਹਨਾਂ ਨੂੰ ਸਨਮਾਨਿਤ ਕੀਤਾ।

ਇਹਨਾਂ ਸਭ ਕੋਸ਼ਿਸ਼ਾ ਦੇ ਨਤੀਜੇ ਵਜੋਂ ਖੇਤਰ ਵਿਚ ਰੁਜ਼ਗਾਰ ਦੇ ਕਈ ਮੌਕੇ ਉਪਲਬੱਧ ਹੋਏ। ਇਸ ਦੇ ਨਾਲ ਹੀ ਜੋ ਲੋਕੀ ਮਜ਼ਦੂਰੀ ਕਰਨ ਬਾਹਰ ਜਾਂਦੇ ਸਨ, ਉਸ ਵਿਚ ਵੀ ਕਮੀ ਆਈ।

**ਵਾਤਾਵਰਨ ਅਤੇ ਜੈਵ-ਵਿਭਿੰਨਤਾ ਉੱਤੇ ਅਸਰ:-**

ਫਸਲੀ ਬਿਜਾਈ ਨੂੰ ਪ੍ਰੋਤਸਾਹਿਤ ਕਰਨ ਕਰਕੇ ਮਿੱਟੀ ਅਤੇ ਵਾਤਾਵਰਨ ਦੀਆਂ ਸਥਿਤੀਆਂ ਵਿਚ ਵੀ ਬਹੁਤ ਬਦਲਾਅ ਆਇਆ ਹੈ। ਮਿੱਟੀ ਅਤੇ ਪਾਣੀ ਦੀ ਸੰਭਾਲ ਲਈ ਅਪਣਾਈਆਂ ਤਕਨੀਕਾਂ ਕਰਕੇ ਬਾਸਮਤੀ ਵਿੱਚ ਵਾਧਾ ਹੋਇਆ। ਜਿਸ ਨਾਲ ਮਿੱਟੀ ਦੇ ਕਟਾਅ ਵਿੱਚ ਕਮੀ ਆਈ। ਮੱਕੀ ਰਹਿੰਦ ਖੂੰਹਦ ਨਾਲ ਮਲਚਿੰਗ ਕਰਕੇ ਡਿੱਗੇ ਪੱਤਿਆਂ ਦੇ ਖਾਦ ਬਣਨ ਕਰਕੇ, ਖੇਤੀ ਗਤੀਵਿਧੀਆਂ ਕਰਕੇ, ਸੂਖਮ ਜੀਵਾਣੂਆਂ ਦੀ ਆਬਾਦੀ ਅਤੇ ਗਤੀਵਿਧੀਆਂ ਵਧਣ ਕਰਕੇ ਮਿੱਟੀ ਦਾ ਕਟਾਅ 232 ਗ੍ਰਾਮ ਤੋਂ ਘੱਟ ਕੇ 181 ਗ੍ਰਾਮ 'ਤੇ ਆ ਗਿਆ। ਨਦੀਨਾਂ ਦੀ ਵਿਭਿੰਨਤਾ 2014 ਦੀ 7 ਦੇ ਮੁਕਾਬਲੇ 2017 ਵਿੱਚ ਵਧ ਕੇ 18 ਹੋ ਗਈ। ਇਸ ਸਮੇਂ ਦੌਰਾਨ ਸੈਨਨ ਇੰਡੈਕਸ, ਜੋ ਕਿ ਨਦੀਨਾਂ ਦੀ ਵਿਭਿੰਨਤਾ ਮਾਪਣ ਦਾ ਪੈਮਾਨਾ ਹੈ। 0.34 ਤੋਂ ਵਧ ਕੇ 0.79 ਹੋ ਗਿਆ। ਖਾਲੀ ਟੁਕੜੇ ਹਰੇ ਹੋ ਗਏ। ਪੰਛੀਆਂ ਮਧੂ-ਮੱਖੀਆਂ ਜੰਗਲੀ ਭਾਲੂਆ ਅਤੇ ਰੇਗਣ ਵਾਲੇ ਜੀਵਾਂ ਦੀ ਗਿਣਤੀ ਵਿਚ ਵਾਧਾ ਦੇਖਿਆ ਗਿਆ।

**ਨੀਤੀ ਪੱਧਰ ਤੇ ਉਪਾਅ :-**

ਪ੍ਰੋਜੈਕਟ ਦੇ ਨਤੀਜਿਆਂ ਕਰਕੇ ਪੋਸ਼ਣ ਦੀ ਉਪਲਬਤਾ ਸਿੱਖਿਆ ਦੇ ਪ੍ਰਸਾਰ, ਸਮਾਜਿਕ ਸਥਿਰਤਾ ਅਤੇ ਪੇਂਡੂ ਵਸਨੀਕਾਂ ਲਈ ਰੁਜ਼ਗਾਰ ਦੇ ਮੌਕਿਆ ਵਿਚ ਸਕਾਰਾਤਮਕ ਵਾਧਾ ਹੋਇਆ। ਕਿਸਾਨ ਕੁਸ਼ਲ ਉਤਪਾਦਨ ਪ੍ਰਣਾਲੀ ਦੇ ਨਾਲ-ਨਾਲ ਖੇਤ ਦੀ ਸਥਿਰਤਾ ਲਈ ਜਾਗਰੂਕਤਾ ਅਤੇ ਜਿੰਮੇਦਾਰੀ ਦਿਖਾ ਰਹੇ ਹਨ। ਵਿਗਿਆਨਕ ਜਲਵਾਯੂ ਸਮਾਰਟ ਤਕਨੀਕਾਂ ਵਿਕਸਿਤ ਕਰਨ ਵਿੱਚ ਲੱਗੇ ਹੋਏ ਹਨ। ਇਹ ਸਮਾਂ ਹੈ ਜਦੋ ਸਰਕਾਰਾਂ ਨੇ ਕਿਸਾਨਾਂ ਦੀਆਂ ਕੋਸ਼ਿਸ਼ਾਂ ਨੂੰ ਸਮਾਂ ਹੈ ਜਦੋਂ ਸਰਕਾਰਾਂ ਨੂੰ ਕਿਸਾਨਾਂ ਦੀਆਂ ਕੋਸਿਸ਼ਾਂ ਨੂੰ ਸਹਿਯੋਗ ਦੇਣ ਲਈ ਅਤੇ ਖੋਜ ਸੰਸਥਾਵਾਂ ਦੁਆਰਾ ਵਿਕਸਿਤ ਤਕਨੀਥਾਂ ਨੂੰ ਲਾਗੂ ਕਰਵਾਉਣ ਲਈ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ। ਕਿਉਂਕਿ ਪੌਦਾ ਉਤਪਾਦਨ ਦੀ ਵਿਕਾਈ ਹੈ, ਇਸ ਲਈ ਕਿਸਾਨ, ਵਿਗਿਆਨਕਾਂ, ਉਦਯੋਗਾਂ, ਨੀਤੀ ਨਿਰਧਾਰਕਾਂ ਨੂੰ ਇਹ ਯਕੀਨੀ ਬਣਾਉਣ ਲਈ ਕਿ ਹਰ ਪੌਦੇ ਨੂੰ ਸੰਭਾਵੀ ਉਤਪਾਦਨ ਦੇਣ ਲਈ ਜਰੂਰੀ ਵਾਤਾਵਰਨ ਉਪਲਬੱਧ ਹੋਵੇ, ਲਈ ਕੰਮ ਕਰਨਾ ਹੋਵੇਗਾ। ◆


**ਪ੍ਰਦੀਪ ਕੁਮਾਰ ਸਰਕਾਰ, ਐੱਮ.ਕੇ. ਧਕੜ, ਵਿਕਾਸ ਦਾਸ, ਪ੍ਰਿਆ ਰੰਜਨ ਕੁਮਾਰ, ਸੁਦਰਸ਼ਨ ਮਾਊਰਿਆ, ਐੱਸ.ਐੱਸ. ਮਾਲੀ, ਰੇਸ਼ਮ ਸ਼ਿੰਦੇ, ਜੇ.ਐੱਸ. ਚੋਧਰੀ, ਐੱਸ.ਕੇ. ਨਾਇਕ, ਅਸਿਤ ਚੱਕਰਵਤੀ ਅਤੇ ਏ.ਕੇ. ਸਿੰਘ**

ਇੰਡੀਅਨ ਕੌਂਸਲ ਆਫ ਐਗਰੀਕਲਚਰ ਰਿਸਰਚ-
ਰਿਸਰਚ ਕੰਪਲੈਕਸ ਫਾਰ ਇਸਟਰਨ ਰਿਜ਼ਨ,
ਫਾਰਮਿੰਗ ਸਿਸਟਮ ਰਿਸਰਚ ਸੈਂਅਰ ਫਾਰ ਹਿਲ
ਅਤੇ ਪਲੇਟਿਓ ਰਿਜ਼ਨ, ਪਲਾਂਡੂ, ਰਾਂਚੀ, ਝਾਰਖੰਡ
E-mail: ourprk@gmail.com

**ਧਰਮਜੀਤ ਖੇਰਵਰ ਅਤੇ ਡੀ.ਕੇ. ਰਾਗਵ**

ਕ੍ਰਿਸ਼ੀ ਵਿਗਿਆਨ ਕੇਂਦਰ, ਮਾਂਡੂ, ਰਾਮਗੜ੍ਹ, ਝਾਰਖੰਡ

**ਬੀ.ਪੀ. ਭੱਟ**

ਇੰਡੀਅਨ ਕੌਂਸਲ ਆਫ ਐਗਰੀਕਲਚਰ ਰਿਸਰਚ-
ਰਿਸਰਚ ਕੰਪਲੈਕਸ ਫਾਰ ਇਸਟਰਨ ਰਿਜ਼ਨ,
ਪਾਰੀਸਰ, ਪਟਨਾ, ਬਿਹਾਰ



**Healthy plant - Foundation for nutritional and environmental sustainability
LEISA India, December 2019**



*ਰੁੱਖ ਆਧਾਰਿਤ ਖੇਤੀ ਪ੍ਰਣਾਲੀ – ਇੱਕ ਦ੍ਰਿਸ਼*

# ਹਰਿਆਲੇ ਭਾਰਤ ਦਾ ਹਰਿਆਲਾ ਤਿਉਹਾਰ

*ਐੱਮ.ਐੱਨ. ਕੁਲਕਰਨੀ*

**ਹਸੀਰੁੱਹਬਾ ਜਿਹੇ ਤਿਉਹਾਰਾਂ ਦੁਆਰਾ ਸਮੁਦਾਇ ਦੀ ਭਾਗੀਦਾਰੀ ਨਾਲ ਰੁੱਖ ਲਗਾਉਣ ਦੀ ਸੰਸਕ੍ਰਿਤੀ ਨੂੰ ਗ੍ਰਾਮੀਣ ਜੀਵਨ ਸ਼ੈਲੀ ਵਿੱਚ ਸ਼ਾਮਿਲ ਕਰਨ ਦਾ ਇੱਕ ਉਪਰਾਲਾ ਕੀਤਾ ਜਾ ਰਿਹਾ ਹੈ।**

ਵਿਸ਼ਵ ਭਰ ਵਿੱਚ ਹਰ ਸਾਲ ਅਲੱਗ-ਅਲੱਗ ਮੁੱਦਿਆਂ ਤੇ ਮਨਾਏ ਜਾਣ ਵਾਲੇ 120 ਵਿਸ਼ੇਸ਼ ਦਿਨਾਂ ਵਿੱਚ ਤਿੰਨ ਦਿਨ ਧਰਤੀ ਉੱਪਰ ਪਾਏ ਜਾਣ ਵਾਲੇ ਬਨਸਪਤੀ ਅਤੇ ਮਿੱਟੀ ਦੇ ਲਈ ਰਾਖਵੇ ਹਨ- ਵਿਸ਼ਵ ਜੰਗਲਾਤ ਦਿਵਸ (21 ਮਾਰਚ), ਵਿਸ਼ਵ ਧਰਤੀ ਦਿਵਸ (22ਅਪ੍ਰੈਲ) ਵਿਸ਼ਵ ਵਾਤਾਵਰਣ ਦਿਵਸ (5ਜੂਨ)। ਇਹਨਾਂ ਦਿਨਾਂ ਨੂੰ ਮਨਾਉਣ ਤੋਂ ਇਲਾਵਾ, ਆਮ ਲੋਕਾਂ ਵਿੱਚ ਪੌਦਿਆਂ ਅਤੇ ਉਹਨਾਂ ਤੋਂ ਮਨੁੱਖਾਂ ਨੂੰ ਹੋਣ ਵਾਲੇ ਫਾਇਦਿਆਂ ਬਾਰੇ ਕੋਈ ਖਾਸ ਵਿਚਾਰ ਵਟਾਂਦਰਾ ਨਹੀ ਕੀਤਾ ਜਾਂਦਾ।

ਰੁੱਖ ਲਗਾਉਣਾ ਹਰ ਇੱਕ ਨਾਗਰਿਕ ਦਾ ਕਰੱਤਵ ਹੈ ਕਿਉਂਕਿ ਸਭ ਨੂੰ ਸਿਹਤਮੰਦ ਰਹਿਣ ਲਈ ਸਾਫ ਅਤੇ ਸ਼ੁੱਧ ਹਵਾ ਅਤੇ ਵਾਤਾਵਰਣ ਦੀ ਲੋੜ ਹੈ। ਹਾਲਾਂਕਿ ਵਿਸ਼ਵ ਵਾਤਾਵਰਣ ਦਿਵਸ ਜਿਹੇ ਮੌਕਿਆਂ ਉੱਪਰ ਰੁੱਖ ਲਗਾਉਣਾ ਸਹਿਜ ਖਾਨਾਪੂਰਤੀ ਵਾਂਗ ਕੀਤਾ ਜਾਂਦਾ ਹੈ। ਇਹ ਪੌਦੇ ਹੀ ਹਨ ਜੋ ਧਰਤੀ ਉੱਪਰ ਰਹਿਣ ਵਾਲੇ ਜੀਵਾਂ ਨੂੰ ਭੋਜਨ ਪ੍ਰਦਾਨ ਕਰਦੇ ਹਨ, ਇਹ ਪੌਦੇ ਹੀ ਹਨ ਜੋ ਹਾਨੀਕਾਰਕ ਗੈਸਾਂ ਨੂੰ ਸੋਖ ਕੇ ਹਵਾ ਨੂੰ ਸਾਫ਼ ਕਰਦੇ ਹਨ, ਇੱਕ ਦੇਸ਼ ਦਾ ਘੱਟੋ-ਘੱਟ 33% ਹਿੱਸਾ ਜੰਗਲ ਅਧੀਨ ਹੋਣਾ ਚਾਹੀਦਾ ਹੈ। ਪ੍ਰੰਤੂ ਹਾਲਿਆਂ ਅਨੁਮਾਨਾਂ ਅਨੁਸਾਰ ਭਾਰਤ ਵਿੱਚ ਜੰਗਲ ਅਧੀਨ ਖੇਤਰ 20% ਤੋ ਵੀ ਘੱਟ ਹੈ। ਇਸ ਲਈ ਰੁੱਖ ਲਗਾਉਣਾ ਅਤੇ ਉਹਨਾਂ ਨੂੰ ਬਚਾਉਣ ਦੇ ਕੰਮ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ।

## ਹਸੀਰੂ ਹੱਬਾ, ਹਰਿਆਲੀ ਤਿਉਹਾਰ

ਬੀ.ਏ.ਆਈ.ਐਫ. ਵਾਟਸਸ਼ੈਡ ਵਿਕਾਸ, ਐਗਰੋ ਰੋਸੋਟਰੀ, ਐਗਰੋ - ਹੋਰਟੀਫੋਰੈਸਟਰੀ ਜਿਹੇ ਰੁੱਖਾਂ ਆਧਾਰਿਤ ਵਿਕਾਸ ਪ੍ਰੋਗਰਾਮ ਲਾਗੂ ਕਰਨ ਅਤੇ ਉਹਨਾਂ ਦਾ ਵਿਸਤਾਰ ਕਰਨ ਵਿੱਚ ਤਿੰਨ ਦਹਾਕਿਆਂ ਤੱਕ ਕੰਮ ਕਰਨ ਤੋਂ ਬਾਅਦ ਇਸ ਨਤੀਜੇ ਤੇ ਪਹੁੰਚੇ ਹਨ ਕਿ ਰੁੱਖ ਲਗਾਉਣਾ ਕਿਸਾਨ ਸਮੁਦਾਇਆਂ ਅਤੇ ਆਮ ਜਨਤਾ ਦੀ ਜ਼ਿੰਦਗੀ ਦਾ ਇੱਕ ਹਿੱਸਾ ਹੋਣੇ ਚਾਹੀਦੇ ਹਨ।ਸਮੁਦਾਇ ਭਾਗੀਦਾਰੀ ਨਾਲ ਰੁੱਖ ਲਗਾਉਣ ਦਾ ਸੱਭਿਆਚਾਰ ਲੋਕਾਂ ਦੀ ਜ਼ਿੰਦਗੀ ਵਿੱਚ ਇਸ ਤਰ੍ਹਾਂ ਸ਼ਾਮਿਲ ਹੋ ਜਾਣਾ ਚਾਹੀਦਾ ਹੈ ਕਿ ਇਹ ਪਿੰਡਾਂ ਅਤੇ ਸ਼ਹਿਰਾਂ ਵਿਚ ਮਨਾਏ ਜਾਣ ਵਾਲੇ ਹੋਰ ਤਿਉਹਾਰਾਂ ਦੀ ਤਰ੍ਹਾਂ ਇੱਕ ਤਿਉਹਾਰ ਬਣ ਜਾਵੇ।

ਪੇਂਡੂ ਭਾਈਚਾਰੇ ਨੂੰ ਸ਼ਾਮਿਲ ਕਰਕੇ ਵੱਡੇ ਪੱਧਰ ਤੇ ਰੁੱਖ ਲਗਾਉਣ ਦੀ ਮੁਹਿੰਮ ਨੂੰ ਲੋਕਪ੍ਰਿਆ ਬਣਾਉਣ ਲਈ ਬੀ.ਏ.ਆਈ.ਐਫ. ਇੰਸਟੀਟਿਊਟ ਆਫ ਸਸਟੇਨੇਬਲ ਲਾਈਵ ਲਾਹੁਡਸ ਅਤੇ ਡਿਵਲਪਮੈਂਟ ਕਰਨਾਟਕ 2001 ਤੋਂ ਆਪਣੇ ਸਾਰੇ ਪ੍ਰੋਜੈਕਟ ਖੇਤਰਾਂ ਵਿਚ ਹਸੀਰਹੁੱਬਾ ਤਿਉਹਾਰ ਨੂੰ ਲੋਕਪ੍ਰਿਆ ਬਣਾਉਣ ਲਈ ਕੰਮ ਕਰ ਰਿਹਾ ਹੈ। ਇਹ ਪਿੰਡ ਦੇ ਸਾਰੇ ਸਮੂਹਾਂ ਨੂੰ ਧਾਰਮਿਕ ਆਗੂ, ਰਾਜਨੇਤਾ, ਸਮਾਜਿਕ ਕਰਜਕਰਤਾ, ਸਰਕਾਰੀ ਵਿਭਾਗ ਆਦਿ ਨੂੰ ਸ਼ਾਮਿਲ ਕਰਕੇ ਰੁੱਖ ਲਗਾਉਣ ਦੀ ਇਸ ਮੁਹਿੰਮ ਨੂੰ ਧਾਰਮਿਕ ਅਹਿਸਾਸ ਅਤੇ ਸਮਾਜਿਕ ਮਾਨਤਾ ਦਿਵਾਉਣ ਦੀ ਇੱਕ ਕੋਸ਼ਿਸ਼ ਹੈ। ਸਵਰਗੀ ਸ਼੍ਰੀ.ਸ਼੍ਰੀ. ਬਾਲਗੰਗਾਧਰਨਾਥ ਆਦਿਚੁੰਚਨਾਗਿਰੀ ਮਠ ਦੇ ਸਵਾਮੀ ਜੀ ਸਵਰਗੀ ਸ਼੍ਰੀ ਸ਼੍ਰੀ ਸਿੱਧਾਲੰਗੇਸ਼ਵਰ ਟੈਟਦਾਰਿਆ ਮਠ ਦੇ ਸਵਾਮੀ ਜੀ, ਸਥਾਨਕ ਵਿਧਾਇਕ, ਵਾਤਵਰਣ ਪ੍ਰੇਮੀ ਅਤੇ ਰਾਜਨੀਤਿਕ ਨੇਤਾਵਾਂ ਨੇ ਆਯੋਜਿਤ ਪ੍ਰੋਗਰਾਮਾਂ ਵਿਚ ਹਿੱਸਾ ਲਿਆ ਹੈ ਅਤੇ ਲੋਕਾਂ ਨੂੰ ਰੁੱਖ ਲਗਾਉਣ ਅਤੇ ਉਹਨਾਂ ਦੇ ਸਰੰਖਿਅਣ ਲਈ ਉਹਨਾਂ ਨੂੰ ਪ੍ਰੇਰਿਤ ਕੀਤਾ ਹੈ। ਹੋਰ ਐਨ.ਜੀ.ਓ. ਖੇਤੀ ਸੰਸਥਾਵਾਂ ਸਵੈ-ਸਹਾਇਤਾ ਸਮੂਹਾਂ ਅਤੇ ਪਿੰਡ ਪੱਧਰ ਦੇ ਸੰਗਰਮਾ ਨੇ ਇਸ ਧਾਰਨਾ ਨੂੰ ਹੋਰ ਅੱਗੇ ਵਧਾਇਆ ਹੈ।

> **ਬਾਕਸ 1: ਹਸੀਰੂਹੱਬਾ ਸੁਗੰਦ**
>
> ਰੁੱਖ ਖੇਤੀ ਦਾ ਅਟੁੱਟ ਅੰਗ ਹਨ, ਅਸੀਂ ਪਿੰਡ ਵਾਸੀ ਆਪਣੇ ਪਿੰਡ ਦੀ ਦੇਵੀ ਦੇ ਨਾ ਤੇ ਇਹ ਸੋਂਹ ਚੁੱਕਦੇ ਹਾਂ ਕਿ ਅਸੀਂ ਹਰ ਸਾਲ ਆਪਣੇ ਪਿੰਡ ਵਿੱਚ ਹਸੀਰੂਹੱਬਾ ਦਾ ਤਿਉਹਾਰ ਮਨਾਵਾਂਗੇ। ਜਿਹਨੇ ਜ਼ਿਆਦਾ ਤੋਂ ਜ਼ਿਆਦਾ ਸੰਭਵ ਹੋ ਸਕੇ ਰੁੱਖ ਲਗਾਵਾਂਗੇ ਅਤੇ ਉਹਨਾਂ ਦੀ ਰੱਖਿਆ ਕਰਾਂਗੇ। ਅਸੀਂ ਆਪਣੇ ਪਰਿਵਾਰ ਦੇ ਮੈਂਬਰਾ, ਰਿਸ਼ਤੇਦਾਰਾਂ, ਦੋਸਤਾਂ ਅਤੇ ਆਸ ਪਾਸ ਦੇ ਪਿੰਡਾਂ ਦੇ ਲੋਕਾਂ ਨੂੰ ਵੀ ਇਸ ਤਿਉਹਾਰ 'ਚ ਸ਼ਾਮਿਲ ਕਰਾਂਗੇ।

ਆਮ ਤੌਰ ਤੇ ਜੂਨ-ਜੁਲਾਈ ਮਹੀਨਿਆਂ ਦੌਰਾਨ ਸਮੁਦਾਇ ਨਾਲ ਵਿਚਾਰ-ਵਟਾਂਦਰਾ ਕਰਕੇ ਹਸੀਰਹੁੱਬਾ ਇੱਕ ਤਾਰੀਖ ਤੈਅ ਕਰ ਦਿੱਤੀ ਜਾਂਦੀ ਹੈ।ਇਸ ਵਿਚ ਭਾਗ ਲੈਣ ਲਈ ਆਸਪਾਸ ਦੇ ਪਿੰਡਾਂ, ਸਕੂਲ ਦੇ ਬੱਚਿਆਂ, ਜਨ ਪ੍ਰਤੀ ਨਿਧੀਆਂ ਅਤੇ ਧਾਰਮਿਕ ਪ੍ਰਮੁੱਖਾਂ ਅਤੇ ਪ੍ਰੋਜੈਕਟ ਪ੍ਰਤੀਭਾਗੀਆਂ ਨੂੰ ਸੱਦਾ ਦਿੱਤਾ ਜਾਂਦਾ ਹੈ। ਪਨੀਰੀ, ਜਲਦੀ ਵਧਣ ਵਾਲੇ ਪੌਦਿਆਂ ਦੇ ਬੀਜ, ਤੈਅ ਦਾ ਜ਼ਮੀਨ ਵਿੱਚ ਟੋਏ ਪੁੱਟਣਾ ਅਤੇ ਹੋਰ ਵਿਵਸਥਾਵਾਂ ਪ੍ਰੋਗਰਾਮ ਤੋਂ ਇੱਕ ਦਿਨ ਪਹਿਲਾ ਹੀ ਕਰ ਲਈਆਂ ਜਾਂਦੀਆਂ ਹਨ। ਲੋਕ ਸਵੇਰੇ ਇੱਕਠਾ ਹੁੰਦੇ ਹਨ, ਇੱਕ ਜਲੂਸ ਦੀ ਸ਼ਕਲ ਵਿੱਚ ਜਿੱਥੇ ਪੌਦੇ ਲਗਾਉਦੇ ਹਨ ਉੱਥੇ ਪਹੁੰਚਦੇ ਹਨ, ਪਨੀਰੀ ਦੀ ਪੂਜਾ ਕਰਦੇ ਹਨ ਅਤੇ ਰੋਪਾਈ ਕਰਨ ਤੋਂ ਪਹਿਲਾਂ ਹਸੀਰੂਹੱਬਾ ਦੀ ਸਹੁੰ ਚੁੱਕਦੇ ਹਨ (ਦੇਖੋ ਬਾਕਸ 1)।

## ਵਿਭਿੰਨ ਪ੍ਰਜਾਤੀਆਂ ਅਤੇ ਉਹਨਾਂ ਦੇ ਪ੍ਰਭਾਵ:-

ਸਕੂਲ ਵਿੱਚ ਅਤੇ ਸਿੱਖਿਅਕ ਸੰਸਥਾਵਾਂ ਦੇ ਆਲੇ-ਦੁਆਲੇ ਨਿੰਮ ਦੇ ਰੁੱਖ ਲਗਾਉਣ ਨਾਲ ਬਿਮਾਰੀਆਂ ਨੂੰ ਰੋਕਣ ਵਿੱਚ ਮੱਦਦ ਮਿਲੇਗੀ। ਸ਼ਹਿਰਾਂ ਵਿੱਚਕਟੰਬਾ, ਬਿਲਵਾਰਾ ਆਦਿ ਲਗਾਉਣ ਨਾਲ ਹਵਾ ਪ੍ਰਦੂਸ਼ਣ ਘੱਟ ਕਰਨ ਵਿੱਚ ਮੱਦਦ ਹੋਵੇਗੀ। ਸੋਨਚੰਪਾ, ਨੀਮਚਮੇਲੀ, ਹਾਰ ਸ਼ਿੰਗਾਰ ਆਦਿ ਕੂੜੇ ਦੇ ਢੇਰ ਵਾਲੇ ਇਲਾਕਿਆਂ ਅਤੇ ਨਾਲੇ-ਸੀਵਰੇਜ ਦੁਆਲੇ ਲਗਾਉਣ ਤੇ ਉਹਨਾਂ ਤੋਂ ਆਉਣ ਵਾਲੀ ਬਦਬੂ ਨੂੰ ਘੱਟ ਕਰਨ ਵਿੱਚ ਮੱਦਦ ਕਰਨਗੇ। ਪਿੱਪਲ,ਗੂਬਰਾ, ਬੋਹੜ ਦੇ ਰੁੱਖ ਮੰਦਰਾਂ, ਗੁਰਦੁਆਰਿਆਂ ਅਤੇ ਪਾਰਕਾਂ ਵਿੱਚ ਲਗਾਉਣੇ ਚਾਹੀਦੇ ਹਨ ਕਿਉਂਕਿ ਇਹ ਹਵਾ ਸਾਫ ਕਰਨ ਵਿੱਚ ਮੱਦਦ ਕਰਦੇ



**ਕਰਨਾਟਕਾ ਦੇ ਪਿੰਡ ਮਾਲਿਆਨਾਹਾਲੀ ਵਿੱਚ ਹਸੀਰੂਹੱਬਾ ਉਦਘਾਟਨ ਦਾ ਦ੍ਰਿਸ਼**

ਹਨ। ਬਨਾਰਸ ਹਿੰਦੂ ਯੂਨੀਵਰਸਿਟੀ ਦੁਆਰਾ ਕੀਤਾ ਇੱਕ ਅਧਿਐਨ ਦੱਸਦਾ ਹੈ ਕਿ ਟਾਹਲੀ, ਅਮਰੂਦ, ਸਰਸ ਆਦਿ ਰੁੱਖ ਸ਼ਹਿਰਾਂ ਵਿੱਚ ਪ੍ਰਦੂਸ਼ਣ ਘੱਟ ਕਰਨ ਵਿਚ ਮੱਦਦ ਕਰਨਗੇ।

ਸੀਮੇਂਟ ਜਾਂ ਤਾਰਾਂ ਨਾਲ ਮੋੜਬੰਦੀ ਕਰਨ ਦੀ ਜਗ੍ਹਾ ਪੌਦਿਆਂ ਨਾਲ ਮੋੜਬੰਦੀ ਕਾਰਬਨ ਉਤਸਰਜਨ ਨੂੰ ਵੀ ਘੱਟ ਕਰਦੇ ਹਨ ਅਤੇ ਜਲਵਾਯੂ ਪਰਿਵਰਤਨ ਨੂੰ ਠੀਕ ਕਰਨ ਵਿੱਚ ਮੱਦਦ ਕਰਦੀ ਹੈ। ਲੈਂਟਾਨਾ, ਗਲੇਰੀਸੀਡੀਆ ਆਦਿ ਪੌਦਿਆਂ ਦੀਆਂ ਕਲਮਾਂ ਮੀਂਹ ਦੇ ਮੌਸਮ ਵਿੱਚ ਖੇਤ ਕਿਨਾਰੇ ਮੋੜਬੰਦੀ ਕਰਨ ਲਈ ਲਗਾਈਆਂ ਜਾ ਸਕਦੀਆਂ ਹਨ। ਇਸਦੇ ਨਾਲ ਹੀ ਤੇਜ਼ੀ ਨਾਲ ਵਧਣ ਵਾਲੇ ਪੌਦੇ ਕਿੱਕਰ ਅਤੇ ਗਲੇਰੀਸੀਡੀਆ ਲਗਾ ਸਕਦਾ ਹੈ। ਇਹ ਛੇਤੀ ਹੀ ਵੱਡੇ ਹੋ ਜਾਂਦੇ ਹਨ। ਦੂਸਰੇ ਸਾਲ ਤੋਂ ਹੀ ਇਹਨਾਂ ਤੋਂ ਬਹੁਤ ਜ਼ਿਆਦਾ ਬਾਇਓਮਾਸ ਮਿਲਣ ਲੱਗਦਾ ਹੈ, ਜਿਸ ਤੋਂ ਕੰਪੋਸਟ ਤਿਆਰ ਕੀਤੀ ਜਾ ਸਕਦੀ ਹੈ। ਸਮੇਂ ਦੇ ਨਾਲ ਹੋਰ ਦੇਸੀ ਕਿਸਮਾਂ ਉਗਾਈਆਂ ਜਾ ਸਕਦੀਆਂ ਹਨ।

ਗਲੇਰੀਸੀਡੀਆ, ਕਿੱਕਰ, ਅਗਸਤੀ ਆਦਿ ਸਿੱਧੇ ਬੀਜਾਂ ਤੋਂ ਵੀ ਲਗਾਏ ਜਾ ਸਕਦੇ ਹਨ, ਇਹ ਪਸ਼ੂਆਂ ਦੇ ਚਾਰੇ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦੇ ਨਾਲ-ਨਾਲ ਬਾਇਓਮਾਸ ਵੀ ਪ੍ਰਦਾਨ ਕਰਦੇ ਹਨ ਜਿਸ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਧਦੀ ਹੈ। ਕਿਸਾਨਾਂ ਨੂੰ ਇਸ ਪ੍ਰੈਕਟਿਸ ਨੂੰ ਅਪਣਾਉਣ ਲਈ ਬੀਜਾਂ ਅਤੇ ਪ੍ਰੇਰਣਾ ਦੀ ਲੋੜ ਹੈ।

ਕਰਨਾਟਕ ਸਰਕਾਰ ਕਰਨਾਟਕ ਸਟੇਟ ਜੈਵ ਈਧਨ ਵਿਕਾਸ ਬੋਰਡ ਦੁਆਰਾ ਨਿੱਜੀ ਅਤੇ ਸਰਕਾਰੀ ਜ਼ਮੀਨਾਂ ਉੱਪਰ ਜੈਵਿਕ ਈਂਧਨ ਦੇਣ ਵਾਲੇ ਪੌਦਿਆਂ ਨੂੰ ਵਧਾਵਾ ਦੇ ਰਹੀ ਹੈ। ਸਰਕਾਰ ਹਸੀਰੂ ਨੂੰ ਅਤੇ ਬਾਰਾਦੁ ਬੰਗਾਰਾ ਪ੍ਰੋਜੈਕਟਾਂ ਰਾਹੀਂ ਕਿਸਾਨਾਂ ਨੂੰ ਸੁਖਚੈਨ, ਲੱਛਮੀ ਤਾਰੂ, ਰਤਨਜੋਤ, ਮਹੂਆ ਆਦਿ ਦੇ ਬੀਜ ਮੁਹੱਈਆ ਕਰਵਾ ਰਹੀ ਹੈ। ਕਿਸਾਨਾਂ ਨੂੰ ਇਹ ਸਾਰੇ ਰੁੱਖ ਖੇਤ ਦੇ ਆਲੇ - ਦੁਆਲੇ ਜਾਂ ਖਾਲੀ ਪਈ ਜ਼ਮੀਨ ਉੱਪਰ ਉਗਾਉਣ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ। ਬੀਜ ਉਤਪਾਦਨ ਤੋਂ ਇਲਾਵਾ, ਬਾਇਓਮਾਸ ਵੀ ਮਿਲੇਗਾ। ਜਿਸਨੂੰ ਖਾਦ ਵਿਚ ਬਦਲਿਆ ਜਾ ਸਕਦਾ ਹੈ ਅਤੇ ਇਸ ਨੂੰ ਖੇਤ ਵਿਚ ਇਸਤੇਮਾਲ ਕਰਨ ਨਾਲ ਰਸਾਇਣਿਕ ਖਾਦਾਂ ਉੱਪਰ ਹੋਣ ਵਾਲਾ ਖਰਚ ਬਚੇਗਾ।

### ਵੱਡੇ ਪੱਧਰ ਤੇ ਪਸਾਰ:-

ਮੰਦਿਰ-ਗੁਰਦੁਆਰਿਆਂ ਵਿੱਚ ਸਾਂਝੀ ਜਗ੍ਹਾ, ਖਾਲੀ ਜ਼ਮੀਨਾਂ, ਸੜਕਾਂ ਕਿਨਾਰੇ ਸਕੂਲਾਂ ਵਿਚ ਰੁੱਖ ਲਗਾਉਣ ਨੂੰ ਪ੍ਰੋਤਸਾਹਿਤ ਕੀਤਾ ਜਾਣਾ ਚਾਹੀਦਾ ਹੈ। ਰੁੱਖ ਲਗਾਉਣਾ ਥੋਪਿਆ



ਹਸੀਰੂਹੱਬਾ ਦੇ ਸਮੂਹ ਦੁਆਰਾ ਰੁੱਖ ਲਗਾਉਂਦੇ ਹੋਏ

ਹੋਇਆ ਕੰਮ ਨਹੀਂ ਹੋਣਾ ਚਾਹੀਦਾ, ਸਗੋ ਜ਼ਿੰਦਗੀ ਦਾ ਹਿੱਸਾ ਹੋਣਾ ਚਾਹੀਦਾ ਹੈ। ਇਸਦੇ ਲਈ ਸਮੁਦਾਇ ਨੂੰ ਬੜੀ ਹੀ ਮਜਬੂਤੀ ਨਾਲ ਭਾਗੀਦਾਰ ਬਣਾਉਣਾ ਚਾਹੀਦਾ ਹੈ। ਪਿੰਡਾਂ ਵਿੱਚ ਸਵੈ-ਸਹਾਇਤਾ ਸਮੂਹਾਂ, ਯੂਥ ਕਲੱਬਾ, ਸਕੂਲੀ ਬੱਚਿਆਂ ਨੂੰ ਸ਼ਾਮਿਲ ਕਰਨ ਨਾਲ ਇਸ ਪ੍ਰਕ੍ਰਿਆ ਨੂੰ ਟਿਕਾਊ ਬਣਾਇਆ ਜਾ ਸਕਦਾ ਹੈ।ਘੱਟ ਪਾਣੀ ਵਾਲੀਆਂ ਜ਼ਮੀਨਾਂ ਵਿੱਚ ਕਿਸਾਨਾਂ ਨੂੰ ਰੁੱਖ ਆਧਾਰਿਤ ਖੇਤੀ ਪ੍ਰਣਾਲੀ ਅਤੇ ਐਗਰੋ-ਫੋਰੈਸਟਰੀ ਲਈ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਉਹਨਾਂ ਨੂੰ ਬਣਦਾ ਸਹਿਯੋਗ ਦੇਣਾ ਚਾਹੀਦਾ ਹੈ। ਘਰ ਵਿੱਚ ਉਪਲੱਬਧ ਜਗ੍ਹਾ ਅਨੁਸਾਰ ਇੱਕ ਜਾਂ ਦੋ ਰੁੱਖ ਲਗਾਏ ਜਾ ਸਕਦੇ ਹਨ। ਸਰਕਾਰੀ ਸਕੀਮਾਂ ਦਾ ਲਾਭ ਲੈਣ ਲਈ ਪ੍ਰਤਿ ਏਕੜ 200 ਤੋਂ 300 ਰੁੱਖ ਲਗਾਉਣੇ ਜਰੂਰੀ ਹੋਣੇ ਚਾਹੀਦੇ ਹਨ। ਕਿਉਂਕਿ ਅੰਤ ਵਿੱਚ ਇਹ ਰੁੱਖ ਹੀ ਹੋਣਗੇ ਜੋ ਕਾਰਬਨ ਉਤਸਰਜਨ ਦੀ ਅਤੇ ਜਲਵਾਯੂ ਪਰਿਵਰਤਨ ਦੀ ਸਮੱਸਿਆ ਨੂੰ ਹੱਲ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ। ◆

ਐੱਮ.ਐੱਨ. ਕੁਲਕਰਨੀ
ਅਡੀਸ਼ਨਲ ਚੀਫ਼ ਪ੍ਰੋਗਰਾਮ ਨਿਰਦੇਸ਼ਕ,ਬਾਇਫ,
ਕੁਨੇਰੂ ਨਕਸ਼ਮੀਹ ਸਟਰੀਟ,
ਮੋਗਾਲਾਰਾਹਪੁਰਮ, ਵਿਜੈਵਾੜਾ,
ਆਂਧਰਾ ਪ੍ਰਦੇਸ਼
E-mail: mnkulkarni65@gmail.com

**Green Festival for Green India**
**LEISA India, December 2019**